# ਪੰਜਾਬ ਸਕੂਲ ਸਿੱਖਿਆ ਬੋਰਡ

## ਸੈਸ਼ਨ 2025-26 ਲਈ ਨੌਵੀਂ ਤੋਂ ਬਾਰਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ / ਕੰਟੀਨਿਊਸ਼ਨ ਕਰਨ ਲਈ ਧਿਆਨ ਰੱਖਣ ਯੋਗ ਸ਼ਰਤਾਂ/ਹਦਾਇਤਾਂ :-

1 ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਸਬੰਧੀ ਹਦਾਇਤਾਂ/ਫੀਸਾਂ ਦਾ ਸ਼ਡਿਊਲ ਆਦਿ ਬੋਰਡ ਦੀ ਵੈਬਸਾਈਟ www.pseb.ac.in ਤੇ Registration Section ਅਧੀਨ ਅਤੇ ਸਕੂਲ ਲਾਗਇੰਨ ਆਈ.ਡੀ. ਵਿੱਚ ਉਪਲੱਬਧ ਹਨ।

2 ਬੋਰਡ ਵੱਲੋਂ ਸਮੇਂ-ਸਮੇਂ ਤੇ ਹਦਾਇਤਾਂ, ਪ੍ਰੈਸ ਨੋਟ ਅਤੇ ਹੋਰ ਮਹੱਤਵਪੂਰਣ ਜਾਣਕਾਰੀ ਅਪਡੇਟ ਕੀਤੀ ਜਾਂਦੀ ਹੈ, ਇਸ ਲਈ ਬੋਰਡ ਦੀ ਵੈੱਬਸਾਈਟ, ਸਕੂਲ ਲਾਗਇੰਨ ਆਈ.ਡੀ., ਸਕੂਲ ਦੀ ਰਜਿਸਟਰਡ ਈਮੇਲ ਆਈ.ਡੀ. ਅਤੇ ਇੰਨਬਾਕਸ ਨੂੰ ਰੋਜ਼ਾਨਾ ਚੈੱਕ ਕਰਨਾ ਯਕੀਨੀ ਬਣਾਇਆ ਜਾਵੇ। ਇਸ ਤੋਂ ਇਲਾਵਾ ਬੋਰਡ ਵੱਲੋਂ ਕੁਝ ਮਹੱਤਵਪੂਰਣ ਜਾਣਕਾਰੀ ਸਕੂਲ ਦੇ ਰਜਿਸਟਰਡ ਮੋਬਾਇਲ ਨੰਬਰ ਤੇ SMS ਰਾਹੀਂ ਵੀ ਭੇਜੀ ਜਾਂਦੀ ਹੈ। ਇਸ ਨੂੰ ਪੜ੍ਹਨਾ ਅਤੇ ਲਾਗੂ ਕਰਨਾ ਯਕੀਨੀ ਬਣਾਇਆ ਜਾਵੇ। ਬੋਰਡ ਵੱਲੋਂ ਕਿਸੇ ਵੀ ਸਕੂਲ ਨੂੰ ਵੱਖਰੇ ਤੌਰ ਤੇ ਪੱਤਰ ਰਾਹੀਂ ਸੂਚਨਾ ਨਹੀਂ ਭੇਜੀ ਜਾਵੇਗੀ।

3 ਸਕੂਲ ਮੁੱਖੀ ਵੱਲੋਂ ਬੋਰਡ ਨਾਲ ਆਨ-ਲਾਈਨ ਈਮੇਲ ਰਾਹੀਂ ਜਾਂ ਕੋਈ ਵੀ ਪੱਤਰ ਵਿਹਾਰ ਕਰਨ ਸਮੇਂ ਆਪਣੇ ਸਕੂਲ ਦੇ ਲੈਟਰ ਪੈਡ ਤੇ ਵਿਸ਼ੇ ਸਬੰਧੀ ਡਿਟੇਲ, ਸਕੂਲ ਕੋਡ ਅਤੇ ਸ਼ਨਾਖਤੀ ਨੰਬਰ ਜ਼ਰੂਰ ਲਿਖਿਆ ਜਾਵੇ।

## ਨੌਵੀਂ ਤੋਂ ਬਾਰਵੀਂ ਸ਼੍ਰੇਣੀ ਲਈ ਦੂਜੇ ਰਾਜਾਂ / ਬੋਰਡਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਸਬੰਧੀ :-

1. ਅਕਾਦਮਿਕ ਸ਼ਾਖਾ ਵੱਲੋਂ ਦਾਖਲੇ ਸਬੰਧੀ ਜਾਰੀ ਹਦਾਇਤਾਂ ਅਨੁਸਾਰ ਦੂਜੇ ਰਾਜਾਂ/ਬੋਰਡਾਂ ਤੋਂ ਆਉਣ ਵਾਲੇ ਜਿਹੜੇ ਵਿਦਿਆਰਥੀਆਂ ਨੇ ਜਿਸ ਵੀ ਸ਼੍ਰੇਣੀ ਵਿੱਚ ਦਾਖਲਾ ਲੈਣਾ ਹੈ, ਉਸ ਕੋਲੋਂ ਹੇਠਲੀ ਸ਼੍ਰੇਣੀ ਪਾਸ ਹੋਣ ਦਾ ਨਤੀਜਾ ਕਾਰਡ ਦੀ ਫੋਟੋ ਕਾਪੀ , ਅਸਲ ਟਰਾਂਸਫਰ ਸਰਟੀਫਿਕੇਟ/ਮਾਈਗ੍ਰੇਸ਼ਨ ਸਰਟੀਫਿਕੇਟ (ਜਿੱਥੇ ਜੋ ਵੀ ਲਾਗੂ ਹੋਵੇ) ਦੋਵੇਂ ਦਸਤਾਵੇਜ ਲੈਣੇ ਲਾਜ਼ਮੀ ਹਨ। **ਕੇਵਲ ਪੰਜਾਬ ਰਾਜ ਤੋਂ ਬਾਹਰ ਦੂਜੇ ਰਾਜਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਦੇ ਟਰਾਂਸਫਰ ਸਰਟੀਫਿਕੇਟ / ਸਕੂਲ ਲੀਵਿੰਗ ਸਰਟੀਫਿਕੇਟ ਸਬੰਧਤ ਰਾਜ / ਜਿਲੇ ਦੇ ਜ਼ਿਲਾ ਸਿੱਖਿਆ ਅਫਸਰ ਪਾਸੋਂ ਕਾਊਂਟਰ ਸਾਈਨ ਕਰਵਾਉਣੇ ਲਾਜ਼ਮੀ ਹਨ।**

2. ਸਕੂਲ ਮੁਖੀ ਆਪਣੇ ਪੱਧਰ ਤੇ ਦੂਜੇ ਰਾਜਾਂ ਦੇ ਬੋਰਡਾਂ ਦੇ ਵਿਦਿਆਰਥੀਆਂ ਦੇ ਨਤੀਜਾ ਕਾਰਡ , ਟਰਾਂਸਫਰ ਸਰਟੀਫਿਕੇਟ/ਮਾਈਗ੍ਰੇਸ਼ਨ ਸਰਟੀਫਿਕੇਟ ਅਸਲ (ਜਿੱਥੇ ਜੋ ਵੀ ਲਾਗੂ ਹੋਵੇ) ਨੂੰ MHRD ਮੈਂਬਰਜ਼ ਬੋਰਡਾਂ ਦੀ ਸੂਚੀ ਜਾਂ ਬੋਰਡਾਂ ਦੀ ਵੈਬਸਾਈਟ ਘੋਖਕੇ ਵੈਰੀਫਾਈ ਕਰ ਲੈਣ ਕਿ ਸਰਟੀਫਿਕੇਟ ਜਾਰੀ ਕਰਨ ਵਾਲੀ ਸੰਸਥਾ/ਸਕੂਲ ਸਬੰਧਤ ਬੋਰਡ ਨਾਲ ਐਫੀਲੀਏਟਡ ਹੈ ਜਾਂ ਨਹੀ।

3. ਯੋਗਤਾ ਸਬੰਧੀ ਜਿੰਮੇਵਾਰੀ ਨਿਰੋਲ ਸਕੂਲ ਮੁਖੀ ਦੀ ਹੈ। ਇਸ ਲਈ MHRD ਵੱਲੋਂ ਪ੍ਰਵਾਨਿਤ ਬੋਰਡਜ਼ (ਬੋਰਡ ਦੀ ਵੈੱਬਸਾਈਟ www.pseb.ac.in ਤੇ ਉਪਲੱਬਧ ਸੂਚੀ) ਨੂੰ ਮੁੱਖ ਰੱਖ ਕੇ ਹੀ ਵਿਦਿਆਰਥੀਆਂ ਦੇ ਦਾਖਲੇ ਪ੍ਰਵਾਨ ਕੀਤੇ ਜਾਣ। ਵਿਦਿਆਰਥੀਆਂ ਦੀ ਯੋਗਤਾ ਯਕੀਨੀ ਬਣਾਏ ਜਾਣ ਲਈ ਆਪਣੀ ਸੰਸਥਾ ਵਿੱਚ ਇੱਕ ਦਾਖਲਾ ਪੜਤਾਲ ਕਮੇਟੀ ਬਣਾਈ ਜਾਵੇ, ਜੋ ਪੂਰਵ ਘੋਖ ਕਰਕੇ ਯੋਗਤਾ ਚੈੱਕ ਕਰੇ, ਤਾਂ ਜੋ

ਕੇਵਲ ਯੋਗ ਵਿਦਿਆਰਥੀ ਹੀ ਦਾਖਲ ਹੋ ਸਕਣ। ਨੌਵੀਂ ਤੋਂ ਬਾਰ੍ਹਵੀਂ ਸ੍ਰੇਣੀਆਂ ਦੀ ਰਿਟਰਨ ਵਿੱਚ ਸਬੰਧਤ ਕਮੇਟੀ ਦੇ ਹਸਤਾਖਰ ਕਰਵਾ ਕੇ ਸਕੂਲ ਦੇ ਰਿਕਾਰਡ ਵਿੱਚ ਰੱਖ ਲਈ ਜਾਵੇ।

4. ਇਸ ਦੇ ਨਾਲ ਹੀ ਸਕੂਲ ਮੁੱਖੀ ਜਾਂ ਕਲਾਸ ਇੰਚਾਰਜ ਵੱਲੋਂ ਵੈਬਸਾਈਟ ਤੇ ਅਤੇ ਸਬੰਧਤ ਸਕੂਲ ਤੋਂ ਵੈਰੀਫਾਈ ਕਰਕੇ ਸਬੰਧਤ ਵੇਰਵੇ ਆਪਣੇ ਰਿਕਾਰਡ ਵਿੱਚ ਦਰਜ ਕਰਨ, ਵੈਰੀਫਿਕੇਸ਼ਨ ਕਰਨ ਉਪਰੰਤ **ਵੈਰੀਫਿਕੇਸ਼ਨ ਫਾਰਮ** ਜੋ ਕਿ ਹਦਾਇਤਾਂ ਦੇ ਪੰਨਾ ਨੰਬਰ 13 ਤੇ ਉਪਲੱਬਧ ਹੈ, ਨੂੰ ਭਰਨ ਅਤੇ ਵਿਦਿਆਰਥੀਆਂ ਦੀ ਆਨ-ਲਾਈਨ ਐਂਟਰੀ ਕਰਨ ਸਮੇਂ ਦਸਤਾਵੇਜ਼ਾਂ ਦੇ ਨਾਲ-ਨਾਲ ਵੈਰੀਫਿਕੇਸ਼ਨ ਫਾਰਮ ਦੀ PDF ਵੀ ਨੱਥੀ ਕਰਕੇ ਹੀ ਆਨ-ਲਾਈਨ ਰਜਿਸਟ੍ਰੇਸ਼ਨ ਕਰਨੀ ਯਕੀਨੀ ਬਣਾਈ ਜਾਵੇ।

5. NRI ਵਿਦਿਆਰਥੀਆਂ ਜਿੰਨ੍ਹਾਂ ਨੇ ਸਕੂਲ ਪੱਧਰ ਦੀ ਪੜ੍ਹਾਈ ਕਿਸੇ ਬਾਹਰਲੇ ਦੇਸ਼ ਤੋਂ ਕੀਤੀ ਹੋਵੇ ਅਤੇ ਅਗਲੇਰੀ ਪੜ੍ਹਾਈ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਕੂਲਾਂ ਤੋਂ ਕਰਨਾ ਚਾਹੁੰਦੇ ਹੋਣ ਤਾਂ ਇਹਨਾਂ ਵਿਦਿਆਰਥੀਆਂ ਨੂੰ AIU, New Delhi ਤੋਂ ਬਰਾਬਰ ਦੀ ਯੋਗਤਾ ਦਾ ਸਮਾਨਤਾ ਪੱਤਰ (ਅਸਲ) ਲੈਣ ਉਪਰੰਤ ਸਕੂਲ ਮੁਖੀ, ਪੰਜਾਬ ਸਕੂਲ ਸਿੱਖਿਆ ਬੋਰਡ ਦੀ ਅਕਾਦਮਿਕ ਸ਼ਾਖਾ ਵੱਲੋਂ ਵੀ ਬਰਾਬਰ ਦੀ ਯੋਗਤਾ ਦਾ ਸਮਾਨਤਾ ਪੱਤਰ ਲੈਣਾ ਯਕੀਨੀ ਬਣਾਉਣਗੇ।

6. ਦੂਜੇ ਰਾਜਾਂ/ਬੋਰਡਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਦੇ ਨੌਵੀਂ (N2),ਦਸਵੀਂ (M2), ਗਿਆਰਵੀਂ (E2) ਅਤੇ ਬਾਰਵੀਂ (T2) ਫਾਰਮਾਂ ਸਬੰਧੀ ਲੋੜੀਂਦੇ ਅਸਲ ਦਸਤਾਵੇਜ਼ਾਂ ਅਤੇ ਵੈਰੀਫਿਕੇਸ਼ਨ ਫਾਰਮ ਨੂੰ ਸਕੈਨ ਕਰਨ ਉਪਰੰਤ PDF ਫਾਈਲ ਬਣਾਕੇ ਫਾਰਮ ਵਿੱਚ ਅਪਲੋਡ ਕਰਨਾ ਲਾਜ਼ਮੀ ਹੈ ਅਤੇ **ਇਸਦੇ ਨਾਲ ਹੀ ਅਸਲ ਮਾਈਗ੍ਰੇਸ਼ਨ ਸਰਟੀਫਿਕੇਟ / ਟਰਾਂਸਫਰ / ਸਕੂਲ ਲੀਵਿੰਗ ਸਰਟੀਫਿਕੇਟ (ਜਿੱਥੇ ਜੋ ਵੀ ਲਾਗੂ ਹੋਵੇ, ਕੇਵਲ ਪੰਜਾਬ ਰਾਜ ਤੋਂ ਬਾਹਰ ਦੂਜੇ ਰਾਜਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਦੇ ਟਰਾਂਸਫਰ ਸਰਟੀਫਿਕੇਟ/ਸਕੂਲ ਲੀਵਿੰਗ ਸਰਟੀਫਿਕੇਟ ਸਬੰਧਤ ਰਾਜ/ਜਿਲ੍ਹੇ ਦੇ ਜਿਲਾ ਸਿੱਖਿਆ ਅਧਿਕਾਰੀ ਤੋਂ ਕਾਊਂਟਰ ਸਾਈਨ ਕਰਵਾਉਣ ਉਪਰੰਤ) , ਵੈਰੀਫਿਕੇਸ਼ਨ ਫਾਰਮ ਅਤੇ ਨਤੀਜਾ/ਰਿਪੋਰਟ ਕਾਰਡ ਦੀ ਤਸਦੀਕਸ਼ੁਦਾ ਕਾਪੀ** ਅਤੇ ਕੇਵਲ ਬਾਰਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਲਈ ਉਪਰੋਕਤ ਦਸਤਾਵੇਜ਼ਾਂ ਦੇ ਨਾਲ-ਨਾਲ ਦਸਵੀਂ ਸ਼੍ਰੇਣੀ ਪਾਸ ਦੇ ਨਤੀਜਾ ਕਾਰਡ ਦੀ ਤਸਦੀਕਸ਼ੁਦਾ ਕਾਪੀ ਅਤੇ ਫਾਈਨਲ ਪ੍ਰਿੰਟ ਦੀ ਕਾਪੀ ਇੱਕ ਲਿਫਾਫੇ ਵਿੱਚ ਪਾ ਕੇ ਬੰਦ ਕਰਕੇ ਜਿਸ ਉੱਪਰ ਮੋਟੇ ਅੱਖਰਾਂ ਵਿੱਚ ਰਜਿਸਟ੍ਰੇਸ਼ਨ ਸ਼ਾਖਾ, ਸਕੂਲ ਦਾ ਨਾਂ, ਸਕੂਲ ਕੋਡ, ਸ਼ਨਾਖਤੀ ਨੰਬਰ ਅਤੇ ਜਿਲ੍ਹੇ ਦਾ ਨਾਂ ਜਰੂਰ ਲਿਖਿਆ ਜਾਵੇ, ਬੋਰਡ ਵੱਲੋਂ ਨਿਰਧਾਰਿਤ ਮਿਤੀਆਂ ਤੱਕ ਸਬੰਧਤ ਜਿਲ੍ਹਾ ਖੇਤਰੀ ਦਫਤਰ ਵਿੱਚ ਹਰ ਹਾਲਤ ਵਿੱਚ ਜਮ੍ਹਾਂ ਕਰਵਾਏ ਜਾਣ। ਵਿਦਿਆਰਥੀਆਂ ਦੇ ਦਸਤਾਵੇਜ਼ਾਂ ਦੀਆਂ ਕਾਪੀਆਂ ਸਕੂਲ ਰਿਕਾਰਡ ਹਿੱਤ ਲਾਜ਼ਮੀ ਰੱਖੀਆਂ ਜਾਣ, ਕਿਉਂਕਿ ਬੋਰਡ ਵੱਲੋਂ ਲੋੜ ਪੈਣ ਤੇ ਕਿਸੇ ਵੀ ਸਮੇਂ ਦੁਬਾਰਾ ਰਿਕਾਰਡ ਦੀ ਮੰਗ ਕੀਤੀ ਜਾ ਸਕਦੀ ਹੈ।

7. ਦੂਜੇ ਰਾਜਾਂ/ਬੋਰਡਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਦੇ ਨੌਵੀਂ (N2),ਦਸਵੀਂ (M2), ਗਿਆਰਵੀਂ (E2) ਅਤੇ ਬਾਰਵੀਂ (T2) ਸ਼੍ਰੇਣੀਆਂ ਲਈ ਆਨ-ਲਾਈਨ ਫਾਰਮਾਂ ਵਿੱਚ ਵੇਰਵੇ ਦਾਖਲਾ ਖਾਰਜ ਰਜਿਸਟਰ ਮੁਤਾਬਕ ਧਿਆਨ ਪੂਰਵਕ ਪੂਰੇ ਅਤੇ ਸਹੀ ਭਰੇ ਜਾਣ। ਇੱਥੇ ਇਹ ਵੀ ਧਿਆਨ ਰੱਖਿਆ ਜਾਵੇ ਕਿ ਆਨ-ਲਾਈਨ ਫਾਰਮ ਭਰਦੇ ਸਮੇਂ ਅੰਗਰੇਜ਼ੀ ਤੋਂ ਪੰਜਾਬੀ ਕੰਨਵਰਜ਼ਨ ਲਈ Drop-down List ਦਿੱਤੀ ਗਈ ਹੈ।

ਜੇਕਰ Drop-down List ਵਿੱਚ ਲੋੜੀਂਦਾ ਨਾਂ ਉਲੱਬਧ ਨਹੀ ਹੈ ਤਾਂ ਤਾਂ ਨਾਲ ਲੱਗੇ Keyboard ਤੋਂ ਪੰਜਾਬੀ ਦੇ ਵੇਰਵੇ ਠੀਕ ਕਰਨਾ ਯਕੀਨੀ ਬਣਾਇਆ ਜਾਵੇ। ਪੰਜਾਬੀ ਵਿੱਚ ਵੇਰਵਿਆਂ ਦੀ ਗਲਤੀ ਦੀ ਸਮੁੱਚੀ ਜ਼ਿੰਮੇਵਾਰੀ ਸਕੂਲ ਦੀ ਹੀ ਹੋਵੇਗੀ।

## ਆਨਲਾਈਨ ਰਜਿਸਟ੍ਰੇਸ਼ਨ/ ਕੰਟੀਨਿਊਸ਼ਨ ਕਰਨ ਸਬੰਧੀ ਜ਼ਰੂਰੀ ਹਦਾਇਤਾਂ :-

1. ਆਨ-ਲਾਈਨ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਕਰਨ ਲਈ ਭਰੇ ਜਾਣ ਵਾਲੇ ਫਾਰਮਾਂ ਸਬੰਧੀ ਸ਼੍ਰੇਣੀ ਵਾਈਜ਼ ਵਿਸਥਾਰ ਪੂਰਵਕ ਅਗਲੇ ਪੰਨਿਆਂ ਤੇ ਦੱਸਿਆ ਗਿਆ ਹੈ। ਇਹਨਾਂ ਆਨ-ਲਾਈਨ ਫਾਰਮਾਂ ਵਿੱਚ ਵੇਰਵੇ ਦਾਖਲਾ ਖਾਰਜ ਰਜਿਸਟਰ ਮੁਤਾਬਕ ਧਿਆਨ ਪੂਰਵਕ ਪੂਰੇ ਅਤੇ ਸਹੀ ਭਰੇ ਜਾਣ। ਵੇਰਵੇ ਭਰਨ ਉਪਰੰਤ ਇਸਦਾ Rough Print ਲੈ ਕੇ ਇਸਨੂੰ 2-3 ਵਾਰ ਚੰਗੀ ਤਰ੍ਹਾਂ ਚੈੱਕ ਕਰ ਲਿਆ ਜਾਵੇ। ਜੇਕਰ ਕੋਈ ਸੋਧ ਲੋੜੀਂਦੀ ਹੈ, ਤਾਂ ਸੋਧ ਕਰਨ ਉਪਰੰਤ ਦੁਬਾਰਾ Rough Print ਲੈ ਕੇ ਚੈੱਕ ਕੀਤਾ ਜਾਵੇ। ਇਸ ਤੋਂ ਇਲਾਵਾ Student Verification Form ਦਾ ਪ੍ਰਿੰਟ ਕੱਢ ਕੇ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਤੋਂ ਵੇਰਵੇ ਚੈੱਕ ਕਰਵਾ ਲਏ ਜਾਣ। ਵੇਰਵਿਆਂ ਸਬੰਧੀ ਪੂਰੀ ਤਸੱਲੀ ਕਰਨ ਉਪਰੰਤ ਹੀ ਫਾਈਨਲ ਸਬਮਿਸ਼ਨ ਕੀਤੀ ਜਾਵੇ| ਫਾਈਨਲ ਸਬਮਿਸ਼ਨ ਕਰਨ ਉਪਰੰਤ ਵੇਰਵੇ ਲਾਕ ਹੋ ਜਾਣਗੇ। ਜੇਕਰ ਵਿਦਿਆਰਥੀ ਦੇ ਵੇਰਵੇ ਭਰਨ ਸਮੇਂ ਸਕੂਲ ਵੱਲੋਂ ਕੋਈ ਗਲਤੀ ਹੁੰਦੀ ਹੈ, ਤਾਂ ਇਸ ਦੀ ਜ਼ਿੰਮੇਵਾਰੀ ਸਕੂਲ ਮੁਖੀ ਦੀ ਆਪਣੀ ਹੋਵੇਗੀ। ਫਾਈਨਲ ਪ੍ਰਿੰਟ ਦੀ ਕਾਪੀ ਵਿੱਚ ਹੱਥ ਨਾਲ ਕੀਤੀ ਸੋਧ ਸਵੀਕਾਰਨ ਯੋਗ ਨਹੀਂ ਹੋਵੇਗੀ।
2. ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਸਬੰਧੀ ਇਹ ਧਿਆਨ ਵਿੱਚ ਰਹੇ ਕਿ ਜਦੋਂ ਤੱਕ ਫਾਈਨਲ ਸਬਮਿਸ਼ਨ ਨਹੀਂ ਕੀਤੀ ਜਾਂਦੀ, ਉਦੋਂ ਤੱਕ ਆਨਲਾਈਨ ਕੀਤੀ ਐਂਟਰੀ ਡੰਮੀ/ਪੈਡਿੰਗ ਐਂਟਰੀ ਮੰਨੀ ਜਾਵੇਗੀ, ਭਾਵ 0 (ਜ਼ੀਰੋ) ਲਾਟ ਜਾਂ Pending fee ਵਾਲੀ ਐਂਟਰੀ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ।
3. ਜੇਕਰ ਕਿਸੇ ਵਿਦਿਆਰਥੀ ਦੀ ਕਿਸੇ ਵੀ ਸ਼੍ਰੇਣੀ ਵਿੱਚ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਹੋ ਚੁੱਕੀ ਹੈ ਅਤੇ ਸਕੂਲ ਵੱਲੋਂ ਫਾਈਨਲ ਸਬਮਿਸ਼ਨ ਵੀ ਕੀਤੀ ਜਾ ਚੁੱਕੀ ਹੈ ਅਤੇ ਵਿਦਿਆਰਥੀ ਸਕੂਲ ਬਦਲਣਾ ਚਾਹੁੰਦਾ ਹੈ , ਤਾਂ ਉਸ ਵਿਦਿਆਰਥੀ ਦੀ ਬੋਰਡ ਵੱਲੋਂ ਨਿਰਧਾਰਿਤ ਸ਼ਡਿਊਲ ਅਨੁਸਾਰ ਸਕੂਲ ਤੋਂ ਸਕੂਲ ਮਾਈਗ੍ਰੇਸ਼ਨ ਹੀ ਹੋਵੇਗੀ।

## ਨੌਵੀਂ ਸ਼੍ਰੇਣੀ ਲਈ N-3 ਫਾਰਮ ਸਬੰਧੀ :-

1. ਜਿਹੜੇ ਵਿਦਿਆਰਥੀ ਪੰਜਾਬ ਸਕੂਲ ਸਿੱਖਿਆ ਬੋਰਡ ਅਧੀਨ ਸਕੂਲਾਂ ਤੋਂ ਪਿਛਲੇ ਤਿੰਨ ਸਾਲਾਂ ਦੌਰਾਨ ਅੱਠਵੀਂ (ਰੈਗੂਲਰ) ਪਾਸ ਜਾਂ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਕੂਲਾਂ ਤੋਂ ਪਿਛਲੇ ਤਿੰਨ ਸਾਲਾਂ ਦੌਰਾਨ ਨੌਵੀਂ ਫੇਲ੍ਹ/ਗੈਰ-ਹਾਜ਼ਰ/ਰੱਦ ਹਨ ਤਾਂ ਉਹ ਨੌਵੀਂ ਸ਼੍ਰੇਣੀ ਵਿੱਚ ਵੱਖ-ਵੱਖ ਆਪਸ਼ਨਾਂ/ਲਿੰਕ ਅਧੀਨ ਐਨ-3 (N-3) ਫਾਰਮ ਅਧੀਨ ਰਜਿਸਟਰਡ (import) ਕੀਤੇ ਜਾ ਸਕਦੇ ਹਨ। ਇਹਨਾਂ ਵਿਦਿਆਰਥੀਆਂ ਨੂੰ ਰੋਲ ਨੰਬਰ, ਰਜਿਸਟ੍ਰੇਸ਼ਨ ਨੰਬਰ, ਆਧਾਰ ਕਾਰਡ ਰਾਹੀਂ ਅਤੇ ਈ-ਪੰਜਾਬ ਤੋਂ ਵੀ N-3 ਫਾਰਮ ਵਿੱਚ import ਕੀਤਾ ਜਾ ਸਕਦਾ ਹੈ।
2. ਅੱਠਵੀਂ (ਰੈਗੂਲਰ) ਰੀ-ਅਪੀਅਰ ਵਿਦਿਆਰਥੀ ਜੋ ਨੌਵੀਂ ਵਿੱਚ ਦਾਖਲ ਕੀਤੇ ਗਏ ਹਨ, ਅਤੇ ਉਹਨਾਂ ਦਾ ਅੱਠਵੀਂ (ਰੈਗੂਲਰ) ਦਾ ਨਤੀਜਾ ਰੀ-ਅਪੀਅਰ 2025 ਹੈ, ਉਹ ਵਿਦਿਆਰਥੀ " ਅੱਠਵੀਂ (ਰੈਗੂਲਰ) ਰੀ-

ਅਪੀਅਰ 2025 " ਲਿੰਕ ਅਧੀਨ ਇਮਪੋਰਟ ਕੀਤੇ ਜਾ ਸਕਦੇ ਹਨ। ਉਹਨਾਂ ਵਿਦਿਆਰਥੀਆਂ ਦਾ ਦਾਖਲਾ ਪ੍ਰੋਵੀਜ਼ਨਲ ਮੰਨਿਆ ਜਾਵੇਗਾ। ਅੱਠਵੀਂ ਰੀ-ਅਪੀਅਰ ਪ੍ਰੀਖਿਆ ਦੇ ਲਈ ਬੋਰਡ ਵੱਲੋਂ ਇੱਕ ਹੀ ਮੌਕਾ ਦਿੱਤਾ ਜਾਣਾ ਹੈ ਅਤੇ ਜੇਕਰ ਉਹ ਵਿਦਿਆਰਥੀ ਅੱਠਵੀਂ ਦੀ ਰੀ-ਅਪੀਅਰ ਦੀ ਪ੍ਰੀਖਿਆ ਪਾਸ ਕਰ ਲੈਂਦੇ ਹਨ ਤਾਂ ਉਹਨਾਂ ਦਾ ਨੌਵੀਂ ਦਾ ਨਤੀਜਾ ਘੋਸ਼ਿਤ ਕਰ ਦਿੱਤਾ ਜਾਵੇ ਅਤੇ ਜਿਹੜੇ ਵਿਦਿਆਰਥੀ ਅੱਠਵੀਂ ਦੀ ਰੀ-ਅਪੀਅਰ ਦੀ ਪ੍ਰੀਖਿਆ ਪਾਸ ਨਹੀ ਕਰਦੇ ਅਤੇ ਜੇਕਰ ਕਿਸੇ ਸਕੂਲ ਵੱਲੋਂ ਰੀ-ਅਪੀਅਰ ਵਿਦਿਆਰਥੀਆਂ ਦੀ ਨੌਵੀਂ ਵਿੱਚ ਰਜਿਸਟ੍ਰੇਸ਼ਨ ਕੀਤੀ ਜਾ ਚੁੱਕੀ ਹੈ ਤਾਂ ਉਹਨਾਂ ਵਿਦਿਆਰਥੀਆਂ ਦੀ ਨੌਵੀਂ ਸ਼੍ਰੇਣੀ ਦੀ ਆਨ-ਲਾਈਨ ਐਂਟਰੀ ਰਜਿਸਟ੍ਰੇਸ਼ਨ ਸ਼ਾਖਾ, ਮੁੱਖ ਦਫਤਰ ਤੋਂ ਲੈਟਰ ਹੈੱਡ ਤੇ ਬਿਨੈ-ਪੱਤਰ ਦਸਤੀ ਜਾਂ ਈ-ਮੇਲ (psebregmig@gmail.com) ਜ਼ਰੀਏ ਭੇਜਕੇ ਕੈਂਸਲ/ਰੱਦ ਕਰਵਾ ਲਈ ਜਾਵੇ ਤਾਂ ਜੋ ਉਹ ਵਿਦਿਆਰਥੀ ਅੱਠਵੀਂ ਸ਼੍ਰੇਣੀ ਦੀ ਪ੍ਰੀਖਿਆ ਦੁਬਾਰਾ ਦੇ ਸਕਣ।

## ਨੌਵੀਂ ਸ਼੍ਰੇਣੀ ਲਈ N-2 ਫਾਰਮ ਸਬੰਧੀ :-

1. ਜਿਹੜੇ ਵਿਦਿਆਰਥੀ ਕਿਸੇ ਹੋਰ ਰਾਜਾਂ/ਬੋਰਡਾਂ (MHRD ਵੱਲੋਂ ਜਾਰੀ ਪ੍ਰਵਾਨਿਤ ਬੋਰਡਾਂ ਦੀ ਸੂਚੀ) ਅਧੀਨ ਸਕੂਲਾਂ ਤੋਂ ਅੱਠਵੀਂ ਦੀ ਪ੍ਰੀਖਿਆ ਪਾਸ ਜਾਂ ਨੌਵੀਂ ਫੇਲ੍ਹ (ਕੇਵਲ ਰੈਗੂਲਰ) ਹੋ ਕੇ ਆਏ ਹਨ, ਲਈ ਐਨ-2 (N-2) ਫਾਰਮ ਭਰਿਆ ਜਾਵੇ। ਆਨਲਾਈਨ ਫਾਰਮ ਭਰਨ ਸਮੇਂ ਅੱਠਵੀਂ ਕਿਸ ਬੋਰਡ ਤੋਂ ਪਾਸ ਜਾਂ ਨੌਵੀ ਫੇਲ ਹੈ, ਤਾਂ ਸਬੰਧਤ ਬੋਰਡ ਦਾ ਨਾਂ ਲਾਜ਼ਮੀ ਸਲੈਕਟ ਕੀਤਾ ਜਾਵੇ। ਜੇਕਰ ਬੋਰਡ ਦਾ ਨਾਂ ਸੂਚੀ ਵਿੱਚ ਨਾ ਹੋਵੇ ਤਾਂ Other ਬੋਰਡ ਸਲੈਕਟ ਕੀਤਾ ਜਾਵੇ ਅਤੇ ਦਿੱਤੇ ਖਾਨੇ ਵਿੱਚ ਬੋਰਡ ਦਾ ਨਾਮ ਲਿਖਿਆ ਜਾਵੇ।
2. ਪੰਜਾਬ ਸਕੂਲ ਸਿੱਖਿਆ ਬੋਰਡ ਅਧੀਨ ਸਕੂਲਾਂ ਤੋਂ ਪਿਛਲੇ ਤਿੰਨ ਸਾਲਾਂ ਤੋਂ ਪਹਿਲਾਂ ਅੱਠਵੀਂ ਪਾਸ ਜਾਂ ਪਿਛਲੇ ਤਿੰਨ ਸਾਲਾਂ ਤੋਂ ਪਹਿਲਾਂ ਨੌਵੀਂ ਫੇਲ੍ਹ/ਗੈਰ-ਹਾਜ਼ਰ/ਰੱਦ (ਕੇਵਲ ਰੈਗੂਲਰ) ਵਿਦਿਆਰਥੀਆਂ ਜਿੰਨ੍ਹਾਂ ਨੂੰ ਬੋਰਡ ਵੱਲੋਂ ਰਜਿਸਟ੍ਰੇਸ਼ਨ ਨੰਬਰ ਜਾਰੀ ਹੋਇਆ ਹੈ ਜਾਂ ਨਹੀ , ਤਾਂ ਅਜਿਹੇ ਵਿਦਿਆਰਥੀਆਂ ਦੀ ਨਵੀਂ ਐਂਟਰੀ ਵੀ N-2 ਫਾਰਮ ਵਿੱਚ ਕੀਤੀ ਜਾਵੇ ਅਤੇ ਆਨ-ਲਾਈਨ ਫਾਰਮ ਭਰਨ ਸਮੇਂ ਬੋਰਡ ਦੀ ਸੂਚੀ ਵਿੱਚੋਂ P.S.E.B. ਸਿਲੈਕਟ ਕੀਤਾ ਜਾਵੇ।
3. ਜੇਕਰ ਦੂਜੇ ਰਾਜਾਂ/ਬੋਰਡਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਜਿੰਨ੍ਹਾਂ ਨੂੰ ਪਿਛਲੀ ਕਿਸੇ ਵੀ ਸ਼੍ਰੇਣੀ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਰਜਿਸਟ੍ਰੇਸ਼ਨ ਨੰਬਰ ਜਾਰੀ ਹੋਇਆ ਹੈ, ਤਾਂ ਆਨ-ਲਾਈਨ ਐਂਟਰੀ ਕਰਨ ਸਮੇਂ ਰਜਿਸਟ੍ਰੇਸ਼ਨ ਨੰਬਰ ਲਾਜ਼ਮੀ ਭਰਿਆ ਜਾਵੇ ਅਤੇ ਪਿਛਲੇ ਤਿੰਨ ਸਾਲ ਤੋਂ ਪਹਿਲਾਂ ਵਾਲੇ ਵਿਦਿਆਰਥੀਆਂ ਦੇ ਦਸਤਾਵੇਜ਼ (ਸਮੇਤ ਸਵੈ-ਘੋਸ਼ਣਾ ਪੱਤਰ ਜੋ ਕਿ ਪੰਨਾ ਨੰਬਰ 13 ਤੇ ਨੱਥੀ ਹੈ) ਸਬੂਤ ਵਜੋਂ ਬਾਕੀ ਦਸਤਾਵੇਜ਼ਾਂ ਨਾਲ ਹੀ ਖੇਤਰੀ ਦਫਤਰ ਵਿਖੇ ਹੀ ਜਮ੍ਹਾਂ ਕਰਵਾਏ ਜਾਣ।

## ਦਸਵੀਂ ਸ਼੍ਰੇਣੀ ਲਈ M-1 ਫਾਰਮ ਸਬੰਧੀ :-

1. ਪੰਜਾਬ ਰਾਜ ਦੇ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਕੂਲਾਂ ਤੋਂ ਪਿਛਲੇ ਤਿੰਨ ਸਾਲਾਂ ਦੌਰਾਨ ਨੌਵੀਂ ਪਾਸ ਜਾਂ ਪਿਛਲੇ ਦੋ ਸਾਲਾਂ ਦੌਰਾਨ ਦਸਵੀਂ ਫੇਲ੍ਹ/ਗੈਰ-ਹਾਜਰ/ਰੱਦ (ਕੇਵਲ ਰੈਗੂਲਰ) ਵਿਦਿਆਰਥੀਆਂ ਲਈ ਐਮ-1 (M-1) ਫਾਰਮ ਭਰਿਆ ਜਾਵੇ। ਇਸ ਫਾਰਮ ਵਿੱਚ ਆਨਲਾਈਨ ਪੋਰਟਲ ਅਧੀਨ ਵੱਖ-ਵੱਖ ਆਪਸ਼ਨਾਂ ਰਾਹੀਂ ਵਿਦਿਆਰਥੀਆਂ ਨੂੰ import ਕੀਤਾ ਜਾ ਸਕੇਗਾ। Import ਕਰਨ ਉਪਰੰਤ modify ਕਰਕੇ ਵਿਦਿਆਰਥੀਆਂ ਵੱਲੋਂ ਲਏ ਵਿਸ਼ੇ ਅਤੇ ਹੋਰ ਜਾਣਕਾਰੀ ਭਰੀ ਜਾਵੇ।

2. ਜਿਨ੍ਹਾਂ ਵਿਦਿਆਰਥੀਆਂ ਨੇ ਨੌਵੀਂ ਸ਼੍ਰੇਣੀ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਕੂਲਾਂ ਤੋਂ ਪਾਸ ਕੀਤੀ ਹੈ ਅਤੇ ਜੇਕਰ ਉਹਨਾਂ ਵਿਦਿਆਰਥੀਆਂ ਦਾ ਨੌਵੀਂ ਸ਼੍ਰੇਣੀ ਦਾ ਨਤੀਜਾ ਫਾਈਨਲ ਸਬਮਿਟ ਨਹੀਂ ਹੈ ਤਾਂ ਉਹਨਾਂ ਵਿਦਿਆਰਥੀਆਂ ਨੂੰ ਦਸਵੀਂ ਸ਼੍ਰੇਣੀ (M1 ਫਾਰਮ) ਵਿੱਚ import ਨਹੀਂ ਕੀਤਾ ਜਾ ਸਕੇਗਾ। RL/Compartment ਵਾਲੇ ਵਿਦਿਆਰਥੀਆਂ ਦਾ ਨਤੀਜਾ ਆਨ-ਲਾਈਨ ਅਪਡੇਟ ਕਰਨ ਉਪਰੰਤ ਹੀ ਉਹ import ਹੋ ਸਕਣਗੇ। ਕੇਵਲ ਨੌਵੀਂ ਸ਼੍ਰੇਣੀ ਪਾਸ ਵਿਦਿਆਰਥੀ ਹੀ M1 ਫਾਰਮ ਵਿੱਚ import ਕੀਤੇ ਜਾ ਸਕਣਗੇ।
3. ਪੰਜਾਬ ਓਪਨ ਸਕੂਲ ਬੋਰਡ ਤੋਂ ਦਸਵੀਂ ਵਿੱਚੋਂ ਫੇਲ ਵਿਦਿਆਰਥੀ ਦਸਵੀਂ ਸ਼੍ਰੇਣੀ ਵਿੱਚ ਰੈਗੂਲਰ ਦਾਖਲੇ ਦੇ ਯੋਗ ਨਹੀ ਹੋਣਗੇ, ਅਜਿਹੇ ਵਿਦਿਆਰਥੀਆਂ ਨੂੰ ਨੌਵੀਂ ਸ਼੍ਰੇਣੀ ਰੈਗੂਲਰ ਕਰਨੀ ਪਵੇਗੀ ਜਾਂ ਦਸਵੀਂ ਪੰਜਾਬ ਓਪਨ ਸਕੂਲ ਬੋਰਡ ਰਾਹੀਂ ਹੀ ਕਰਨੀ ਪਵੇਗੀ।

**ਦਸਵੀਂ ਸ਼੍ਰੇਣੀ ਲਈ M-2 ਫਾਰਮ ਸਬੰਧੀ :-**

1. ਦੂਜੇ ਰਾਜਾਂ/ਬੋਰਡਾਂ (MHRD ਵੱਲੋਂ ਜਾਰੀ ਪ੍ਰਵਾਨਿਤ ਬੋਰਡਾਂ ਦੀ ਸੂਚੀ ਅਧੀਨ ) ਨਾਲ ਸਬੰਧਤ ਸਕੂਲਾਂ ਤੋਂ ਪਿਛਲੇ ਤਿੰਨ ਸਾਲਾਂ ਦੌਰਾਨ ਨੌਵੀਂ ਦੀ ਪ੍ਰੀਖਿਆ ਪਾਸ ਜਾਂ ਪਿਛਲੇ ਦੋ ਸਾਲਾਂ ਦੌਰਾਨ ਦਸਵੀਂ ਫੇਲ੍ਹ/ਗੈਰ-ਹਾਜਰ (ਕੇਵਲ ਰੈਗੂਲਰ) ਵਿਦਿਆਰਥੀਆਂ ਲਈ ਫਾਰਮ ਐਮ-2 (M-2) ਭਰਿਆ ਜਾਵੇ। ਆਨਲਾਈਨ ਫਾਰਮ ਭਰਨ ਸਮੇਂ ਵਿਦਿਆਰਥੀ ਜਿਸ ਵੀ ਬੋਰਡ ਤੋਂ ਨੌਵੀਂ ਪਾਸ/ਦਸਵੀਂ ਫੇਲ੍ਹ ਹੈ, ਦੇ ਸਬੰਧਤ ਬੋਰਡ ਦਾ ਨਾਂ ਬੋਰਡ ਦੀ ਸੂਚੀ ਵਿੱਚੋਂ ਲਾਜ਼ਮੀ ਸਲੈਕਟ ਕੀਤਾ ਜਾਵੇ। ਜੇਕਰ ਬੋਰਡ ਦਾ ਨਾਂ ਸੂਚੀ ਵਿੱਚ ਨਾ ਹੋਵੇ, ਤਾਂ OTHER BOARD ਸਲੈਕਟ ਕੀਤਾ ਜਾਵੇ ਅਤੇ ਦਿੱਤੇ ਖਾਨੇ ਵਿੱਚ ਬੋਰਡ ਦਾ ਨਾਮ ਲਿਖਿਆ ਜਾਵੇ।
2. ਨੈਸ਼ਨਲ ਇੰਸਟੀਚਿਊਟ ਆਫ ਓਪਨ ਸਕੂਲਿੰਗ (NIOS) ਅਤੇ ਹੋਰ ਰਾਜਾਂ ਦੇ ਓਪਨ ਸਕੂਲ ਬੋਰਡ ਤੋਂ ਦਸਵੀਂ ਸ਼੍ਰੇਣੀ ਵਿੱਚੋਂ ਫੇਲ ਵਿਦਿਆਰਥੀ ਦਸਵੀਂ ਸ਼੍ਰੇਣੀ ਵਿੱਚ ਰੈਗੂਲਰ ਦਾਖਲੇ ਦੇ ਯੋਗ ਨਹੀ ਹੋਣਗੇ, ਅਜਿਹੇ ਵਿਦਿਆਰਥੀਆਂ ਨੂੰ ਨੌਵੀਂ ਸ਼੍ਰੇਣੀ ਰੈਗੂਲਰ ਕਰਨੀ ਪਵੇਗੀ ਜਾਂ ਦਸਵੀਂ ਪੰਜਾਬ ਓਪਨ ਸਕੂਲ ਬੋਰਡ ਰਾਹੀਂ ਹੀ ਕਰਨੀ ਪਵੇਗੀ।
3. ਜੇਕਰ ਦੂਜੇ ਰਾਜਾਂ/ ਬੋਰਡਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਨੂੰ ਪਿਛਲੀ ਕਿਸੇ ਵੀ ਸ਼੍ਰੇਣੀ ਵਿੱਚ ਪੰਜਾਬ ਬੋਰਡ ਵੱਲੋਂ ਰਜਿਸਟਰੇਸ਼ਨ ਨੰਬਰ ਜਾਰੀ ਹੋਇਆ ਹੈ, ਤਾਂ ਆਨ-ਲਾਈਨ ਐਂਟਰੀ ਵੇਲੇ ਰਜਿਸਟ੍ਰੇਸ਼ਨ ਨੰਬਰ ਲਾਜ਼ਮੀ ਭਰਿਆ ਜਾਵੇ।

**ਗਿਆਰ੍ਹਵੀਂ ਸ਼੍ਰੇਣੀ ਲਈ E-1 ਫਾਰਮ ਸਬੰਧੀ :-**

1. ਪੰਜਾਬ ਰਾਜ ਦੇ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਕੂਲਾਂ ਤੋਂ ਪਿਛਲੇ ਤਿੰਨ ਸਾਲਾਂ ਦੌਰਾਨ ਦਸਵੀਂ ਪਾਸ ਜਾਂ ਪਿਛਲੇ ਤਿੰਨ ਸਾਲਾਂ ਦੌਰਾਨ ਗਿਆਰਵੀਂ ਫੇਲ੍ਹ/ਗੈਰ-ਹਾਜਰ/ਰੱਦ (ਕੇਵਲ ਰੈਗੂਲਰ/ਓਪਨ ਸਕੂਲ) ਵਿਦਿਆਰਥੀਆਂ ਲਈ ਈ-1 (E-1) ਫਾਰਮ ਭਰਿਆ ਜਾਵੇ। ਇਸ ਫਾਰਮ ਵਿੱਚ ਆਨਲਾਈਨ ਪੋਰਟਲ ਅਧੀਨ ਵੱਖ-ਵੱਖ ਆਪਸ਼ਨਾਂ ਰਾਹੀਂ ਵਿਦਿਆਰਥੀਆਂ ਨੂੰ import ਕੀਤਾ ਜਾ ਸਕੇਗਾ। Import ਕਰਨ ਉਪਰੰਤ modify ਕਰਕੇ ਵਿਦਿਆਰਥੀਆਂ ਵੱਲੋਂ ਲਏ ਵਿਸ਼ੇ ਅਤੇ ਹੋਰ ਜਾਣਕਾਰੀ ਭਰੀ ਜਾਵੇ।
2. ਦਸਵੀਂ (ਰੈਗੂਲਰ) ਰੀ-ਅਪੀਅਰ ਵਿਦਿਆਰਥੀ ਜੋ ਗਿਆਰਵੀਂ ਵਿੱਚ ਦਾਖਲ ਕੀਤੇ ਗਏ ਹਨ, ਅਤੇ ਉਹਨਾਂ ਦਾ ਦਸਵੀਂ (ਰੈਗੂਲਰ) ਦਾ ਨਤੀਜਾ ਰੀ-ਅਪੀਅਰ ਹੈ, ਉਹ ਵਿਦਿਆਰਥੀ " ਦਸਵੀਂ (ਰੈਗੂਲਰ) ਰੀ-ਅਪੀਅਰ ਵਿਦਿਆਰਥੀ " ਲਿੰਕ ਅਧੀਨ ਇਮਪੋਰਟ ਕੀਤੇ ਜਾ ਸਕਦੇ ਹਨ।

3. ਜਿੰਨਾਂ ਵਿਦਿਆਰਥੀਆਂ ਦੀ ਦਸਵੀਂ ਸ਼੍ਰੇਣੀ ਵਿੱਚ ਰੀ-ਅਪੀਅਰ ਹੈ ਅਤੇ ਪਹਿਲੇ ਦੋ ਮੌਕਿਆਂ ਵਿੱਚੋਂ ਕੋਈ ਮੌਕਾ ਬਾਕੀ ਹੈ ਅਤੇ ਜੋ ਗਿਆਰਵੀਂ ਵਿੱਚ ਦਾਖਲ ਕੀਤੇ ਗਏ ਹਨ ਉਹਨਾਂ ਦਾ ਦਾਖਲਾ ਪ੍ਰੋਵੀਜ਼ਨਲ ਮੰਨਿਆ ਜਾਵੇਗਾ ਅਤੇ ਜੇਕਰ ਉਹ ਵਿਦਿਆਰਥੀ ਪਹਿਲੇ ਦੋ ਮੌਕਿਆ ਵਿੱਚ ਦਸਵੀਂ ਪਾਸ ਕਰ ਲੈਂਦੇ ਹਨ ਤਾਂ ਹੀ ਉਹਨਾਂ ਦਾ ਗਿਆਰਵੀਂ ਸ਼੍ਰੇਣੀ ਦਾ ਨਤੀਜਾ ਘੋਸ਼ਿਤ ਕਰ ਦਿੱਤਾ ਜਾਵੇ ਅਤੇ ਜਿਹੜੇ ਪਹਿਲੇ ਦੋ ਮੌਕਿਆਂ ਵਿੱਚ ਦਸਵੀਂ ਪਾਸ ਨਹੀ ਕਰਦੇ ਹਨ, ਤਾਂ ਉਹਨਾਂ ਵਿਦਿਆਰਥੀਆਂ ਦਾ ਗਿਆਰਵੀਂ ਸ਼੍ਰੇਣੀ ਦਾ ਨਤੀਜਾ ਰੱਦ ਘੋਸ਼ਿਤ ਕੀਤਾ ਜਾਵੇ।

## ਗਿਆਰ੍ਹਵੀਂ ਸ਼੍ਰੇਣੀ ਲਈ E-2 ਫਾਰਮ ਸਬੰਧੀ :-

1. ਜਿਹੜੇ ਵਿਦਿਆਰਥੀ ਕਿਸੇ ਦੂਜੇ ਰਾਜਾਂ/ਬੋਰਡਾਂ (MHRD ਵੱਲੋਂ ਜਾਰੀ ਪ੍ਰਵਾਨਿਤ ਬੋਰਡਾਂ ਦੀ ਸੂਚੀ ਅਧੀਨ) ਦੇ ਸਕੂਲਾਂ ਤੋਂ ਦਸਵੀਂ (ਰੈਗੂਲਰ/ਓਪਨ ਸਕੂਲ) ਪ੍ਰੀਖਿਆ ਪਾਸ ਜਾਂ ਗਿਆਰ੍ਹਵੀਂ ਫੇਲ੍ਹ ਹਨ, ਲਈ ਈ-2 (E-2) ਫਾਰਮ ਭਰਿਆ ਜਾਵੇ। ਆਨਲਾਈਨ ਰਜਿਸਟ੍ਰੇਸ਼ਨ ਫਾਰਮ ਭਰਨ ਸਮੇਂ ਵਿਦਿਆਰਥੀ ਜਿਹੜੇ ਬੋਰਡ ਤੋਂ ਦਸਵੀਂ ਪਾਸ/ ਗਿਆਰ੍ਹਵੀਂ ਫੇਲ੍ਹ ਹੈ ਉਸ ਬੋਰਡ ਦਾ ਨਾਂ ਸੂਚੀ ਵਿੱਚ ਲਾਜ਼ਮੀ ਸਲੈਕਟ ਕੀਤਾ ਜਾਵੇ। ਜੇਕਰ ਬੋਰਡ ਦਾ ਨਾਂ ਸੂਚੀ ਵਿੱਚ ਨਾ ਹੋਵੇ, ਤਾਂ Other Board ਸਲੈਕਟ ਕੀਤਾ ਜਾਵੇ ਅਤੇ ਦਿੱਤੇ ਖਾਨੇ ਵਿੱਚ ਬੋਰਡ ਦਾ ਨਾਮ ਲਿਖਿਆ ਜਾਵੇ।
2. ਪੰਜਾਬ ਸਕੂਲ ਸਿੱਖਿਆ ਬੋਰਡ ਅਧੀਨ ਸਕੂਲਾਂ ਤੋਂ ਪਿਛਲੇ ਤਿੰਨ ਸਾਲਾਂ ਤੋਂ ਪਹਿਲਾਂ ਦਸਵੀਂ ਪਾਸ ਜਾਂ ਪਿਛਲੇ ਤਿੰਨ ਸਾਲਾਂ ਤੋਂ ਪਹਿਲਾਂ ਗਿਆਰ੍ਹਵੀਂ ਫੇਲ੍ਹ ਵਿਦਿਆਰਥੀਆਂ ਜਿੰਨ੍ਹਾਂ ਨੂੰ ਬੋਰਡ ਵੱਲੋਂ ਰਜਿਸਟ੍ਰੇਸ਼ਨ ਨੰਬਰ ਜਾਰੀ ਹੋਇਆ ਹੈ ਜਾਂ ਨਹੀ ਹੋਇਆ ਹੈ ਤਾਂ ਅਜਿਹੇ ਵਿਦਿਆਰਥੀਆਂ ਦੀ ਨਵੀਂ ਐਂਟਰੀ E-2 ਫਾਰਮ ਵਿੱਚ ਕੀਤੀ ਜਾਵੇ। ਆਨ-ਲਾਈਨ ਫਾਰਮ ਭਰਨ ਸਮੇਂ ਬੋਰਡ ਦੀ ਸੂਚੀ ਵਿੱਚੋਂ P.S.E.B. select ਕੀਤਾ ਜਾਵੇ। ਜੇਕਰ ਵਿਦਿਆਰਥੀ ਨੂੰ ਪਿਛਲੀ ਕਿਸੇ ਵੀ ਸ਼੍ਰੇਣੀ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਰਜਿਸਟ੍ਰੇਸ਼ਨ ਨੰਬਰ ਜਾਰੀ ਹੋਇਆ ਹੈ ਤਾਂ ਫਾਰਮ ਭਰਨ ਸਮੇਂ ਪਹਿਲਾਂ ਜਾਰੀ ਰਜਿਸਟ੍ਰੇਸ਼ਨ ਨੰਬਰ ਜ਼ਰੂਰ ਭਰਿਆ ਜਾਵੇ।
3. ਜੇਕਰ ਦੂਜੇ ਰਾਜ/ਬੋਰਡ ਤੋਂ ਆਉਣ ਵਾਲੇ ਵਿਦਿਆਰਥੀ ਨੂੰ ਪਿਛਲੀ ਕਿਸੇ ਵੀ ਸ਼੍ਰੇਣੀ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਰਜਿਸਟ੍ਰੇਸ਼ਨ ਨੰਬਰ ਜਾਰੀ ਹੋਇਆ ਹੈ, ਤਾਂ ਆਨ-ਲਾਈਨ ਐਂਟਰੀ ਵੇਲੇ ਪਹਿਲਾਂ ਜਾਰੀ ਰਜਿਸਟ੍ਰੇਸ਼ਨ ਨੰਬਰ ਲਾਜ਼ਮੀ ਭਰਿਆ ਜਾਵੇ ਅਤੇ ਪਿਛਲੇ ਤਿੰਨ ਸਾਲ ਤੋਂ ਪਹਿਲਾਂ ਵਾਲੇ ਵਿਦਿਆਰਥੀਆਂ ਦੇ ਦਸਤਾਵੇਜ਼ (ਸਮੇਤ ਸਵੈ-ਘੋਸ਼ਣਾ ਪੱਤਰ ਜੋ ਕਿ ਪੰਨਾ ਨੰਬਰ 13 ਤੇ ਨੱਥੀ ਹੈ) ਸਬੂਤ ਵਜੋਂ ਬਾਕੀ ਦਸਤਾਵੇਜ਼ਾਂ ਨਾਲ ਹੀ ਖੇਤਰੀ ਦਫਤਰ ਵਿਖੇ ਹੀ ਜਮ੍ਹਾਂ ਕਰਵਾਏ ਜਾਣ।
4. ਜਿੰਨਾਂ ਵਿਦਿਆਰਥੀਆਂ ਦੀ ਦਸਵੀਂ ਸ਼੍ਰੇਣੀ ਵਿੱਚ ਰੀ-ਅਪੀਅਰ ਹੈ ਅਤੇ ਪਹਿਲੇ ਦੋ ਮੌਕਿਆਂ ਵਿੱਚੋਂ ਕੋਈ ਮੌਕਾ ਬਾਕੀ ਹੈ ਅਤੇ ਜੋ ਗਿਆਰਵੀਂ ਵਿੱਚ ਦਾਖਲ ਕੀਤੇ ਗਏ ਹਨ ਉਹਨਾਂ ਦਾ ਦਾਖਲਾ ਪ੍ਰੋਵੀਜ਼ਨਲ ਮੰਨਿਆ ਜਾਵੇਗਾ ਅਤੇ ਜੇਕਰ ਉਹ ਵਿਦਿਆਰਥੀ ਪਹਿਲੇ ਦੋ ਮੌਕਿਆ ਵਿੱਚ ਦਸਵੀਂ ਪਾਸ ਕਰ ਲੈਂਦੇ ਹਨ ਤਾਂ ਹੀ ਉਹਨਾਂ ਦਾ ਗਿਆਰਵੀਂ ਸ਼੍ਰੇਣੀ ਦਾ ਨਤੀਜਾ ਘੋਸ਼ਿਤ ਕਰ ਦਿੱਤਾ ਜਾਵੇ ਅਤੇ ਜਿਹੜੇ ਪਹਿਲੇ ਦੋ ਮੌਕਿਆਂ ਵਿੱਚ ਦਸਵੀਂ ਪਾਸ ਨਹੀ ਕਰਦੇ ਹਨ, ਤਾਂ ਉਹਨਾਂ ਵਿਦਿਆਰਥੀਆਂ ਦਾ ਗਿਆਰਵੀਂ ਸ਼੍ਰੇਣੀ ਦਾ ਨਤੀਜਾ ਰੱਦ ਘੋਸ਼ਿਤ ਕੀਤਾ ਜਾਵੇ।

**ਬਾਰਵੀਂ ਸ਼੍ਰੇਣੀ ਲਈ T-1 ਫਾਰਮ ਸਬੰਧੀ :-**

1. ਪੰਜਾਬ ਰਾਜ ਦੇ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਕੂਲਾਂ ਤੋਂ ਪਿਛਲੇ ਤਿੰਨ ਸਾਲਾਂ ਦੌਰਾਨ ਗਿਆਰ੍ਹਵੀਂ ਪਾਸ ਜਾਂ ਪਿਛਲੇ ਦੋ ਸਾਲਾਂ ਦੌਰਾਨ ਬਾਰਵੀਂ ਫੇਲ੍ਹ/ਗੈਰ-ਹਾਜ਼ਰ/ਰੱਦ (ਕੇਵਲ ਰੈਗੂਲਰ) ਵਿਦਿਆਰਥੀਆਂ ਲਈ ਟੀ-1 (T-1) ਫਾਰਮ ਭਰਿਆ ਜਾਵੇ। ਇਸ ਫਾਰਮ ਵਿੱਚ ਆਨਲਾਈਨ ਪੋਰਟਲ ਅਧੀਨ ਵੱਖ-ਵੱਖ ਆਪਸ਼ਨਾਂ ਰਾਹੀਂ ਵਿਦਿਆਰਥੀਆਂ ਨੂੰ import ਕੀਤਾ ਜਾ ਸਕੇਗਾ। Import ਕਰਨ ਉਪਰੰਤ modify ਕਰਕੇ ਵਿਦਿਆਰਥੀਆਂ ਵੱਲੋਂ ਲਏ ਵਿਸ਼ੇ ਅਤੇ ਹੋਰ ਜਾਣਕਾਰੀ ਭਰੀ ਜਾਵੇ।
2. ਜਿੰਨ੍ਹਾਂ ਵਿਦਿਆਰਥੀਆਂ ਨੇ ਗਿਆਰ੍ਹਵੀਂ ਸ਼੍ਰੇਣੀ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਕੂਲਾਂ ਤੋਂ ਪਾਸ ਕੀਤੀ ਹੈ ਅਤੇ ਜੇਕਰ ਉਹਨਾਂ ਵਿਦਿਆਰਥੀਆਂ ਦਾ ਗਿਆਰ੍ਹਵੀਂ ਸ਼੍ਰੇਣੀ ਦਾ ਨਤੀਜਾ ਫਾਈਨਲ ਸਬਮਿਟ ਨਹੀਂ ਹੈ ਤਾਂ ਉਹਨਾਂ ਵਿਦਿਆਰਥੀਆਂ ਨੂੰ ਬਾਰਵੀਂ ਸ਼੍ਰੇਣੀ (T1 ਫਾਰਮ) ਵਿੱਚ import ਨਹੀਂ ਕੀਤਾ ਜਾ ਸਕੇਗਾ। RL/Compartment ਵਾਲੇ ਵਿਦਿਆਰਥੀਆਂ ਦਾ ਨਤੀਜਾ ਆਨ-ਲਾਈਨ ਅਪਡੇਟ ਕਰਨ ਉਪਰੰਤ ਹੀ ਉਹ import ਹੋ ਸਕਣਗੇ। ਕੇਵਲ ਗਿਆਰ੍ਹਵੀਂ ਸ਼੍ਰੇਣੀ ਪਾਸ ਵਿਦਿਆਰਥੀ ਹੀ T1 ਫਾਰਮ ਵਿੱਚ import ਕੀਤੇ ਜਾ ਸਕਣਗੇ।
3. ਪੰਜਾਬ ਓਪਨ ਸਕੂਲ ਬੋਰਡ ਤੋਂ ਬਾਰਵੀਂ ਸ਼੍ਰੇਣੀ ਵਿੱਚੋਂ ਫੇਲ ਵਿਦਿਆਰਥੀ ਬਾਰਵੀਂ ਸ਼੍ਰੇਣੀ ਵਿੱਚ ਰੈਗੂਲਰ ਦਾਖਲੇ ਦੇ ਯੋਗ ਨਹੀ ਹੋਣਗੇ, ਅਜਿਹੇ ਵਿਦਿਆਰਥੀਆਂ ਨੂੰ ਗਿਆਰਵੀਂ ਸ਼੍ਰੇਣੀ ਰੈਗੂਲਰ ਕਰਨੀ ਪਵੇਗੀ ਜਾਂ ਬਾਰਵੀਂ ਪੰਜਾਬ ਓਪਨ ਸਕੂਲ ਬੋਰਡ ਰਾਹੀਂ ਹੀ ਕਰਨੀ ਪਵੇਗੀ।

**ਬਾਰਵੀਂ ਸ਼੍ਰੇਣੀ ਲਈ T-2 ਫਾਰਮ ਸਬੰਧੀ :-**

1. ਜਿਹੜੇ ਵਿਦਿਆਰਥੀ ਕਿਸੇ ਦੂਜੇ ਰਾਜਾਂ/ ਬੋਰਡਾਂ (MHRD ਵੱਲੋਂ ਜਾਰੀ ਪ੍ਰਵਾਨਿਤ ਬੋਰਡਾਂ ਦੀ ਸੂਚੀ ਅਧੀਨ) ਦੇ ਸਕੂਲਾਂ ਤੋਂ ਪਿਛਲੇ ਤਿੰਨ ਸਾਲਾਂ ਦੌਰਾਨ ਗਿਆਰ੍ਹਵੀਂ ਪ੍ਰੀਖਿਆ ਪਾਸ ਜਾਂ ਪਿਛਲੇ ਦੋ ਸਾਲਾਂ ਦੌਰਾਨ ਬਾਰਵੀਂ ਫੇਲ੍ਹ/ਗੈਰ-ਹਾਜਰ (ਕੇਵਲ ਰੈਗੂਲਰ) ਹਨ, ਲਈ ਟੀ-2 (T-2) ਫਾਰਮ ਭਰਿਆ ਜਾਵੇ। ਆਨਲਾਈਨ ਰਜਿਸਟ੍ਰੇਸ਼ਨ ਫਾਰਮ ਭਰਨ ਸਮੇਂ ਵਿਦਿਆਰਥੀ ਨੇ ਗਿਆਰ੍ਹਵੀਂ ਪਾਸ/ਬਾਰਵੀਂ ਫੇਲ੍ਹ ਕਿਸ ਬੋਰਡ ਤੋਂ ਕੀਤੀ ਹੈ, ਦਾ ਨਾਂ ਬੋਰਡ ਦੀ ਸੂਚੀ ਵਿੱਚੋਂ ਲਾਜ਼ਮੀ ਸਲੈਕਟ ਕੀਤਾ ਜਾਵੇ। ਜੇਕਰ ਬੋਰਡ ਦਾ ਨਾਂ ਸੂਚੀ ਵਿੱਚ ਨਾ ਹੋਵੇ, ਤਾਂ Other Board ਸਲੈਕਟ ਕੀਤਾ ਜਾਵੇ ਅਤੇ ਦਿੱਤੇ ਖਾਨੇ ਵਿੱਚ ਬੋਰਡ ਦਾ ਨਾਮ ਲਿਖਿਆ ਜਾਵੇ।
2. ਨੈਸ਼ਨਲ ਇੰਸਟੀਚਿਊਟ ਆਫ ਓਪਨ ਸਕੂਲਿੰਗ (NIOS) ਅਤੇ ਹੋਰ ਰਾਜਾਂ ਦੇ ਓਪਨ ਸਕੂਲ ਬੋਰਡ ਤੋਂ ਬਾਰਵੀਂ ਸ਼੍ਰੇਣੀ ਵਿੱਚੋਂ ਫੇਲ ਵਿਦਿਆਰਥੀ ਬਾਰਵੀਂ ਸ਼੍ਰੇਣੀ ਵਿੱਚ ਰੈਗੂਲਰ ਦਾਖਲੇ ਦੇ ਯੋਗ ਨਹੀ ਹੋਣਗੇ, ਅਜਿਹੇ ਵਿਦਿਆਰਥੀਆਂ ਨੂੰ ਗਿਆਰਵੀਂ ਸ਼੍ਰੇਣੀ ਰੈਗੂਲਰ ਕਰਨੀ ਪਵੇਗੀ ਜਾਂ ਬਾਰਵੀਂ ਪੰਜਾਬ ਓਪਨ ਸਕੂਲ ਬੋਰਡ ਰਾਹੀਂ ਹੀ ਕਰਨੀ ਪਵੇਗੀ।
4. ਜੇਕਰ ਦੂਜੇ ਰਾਜ ਤੋਂ ਆਉਣ ਵਾਲੇ ਵਿਦਿਆਰਥੀ ਨੂੰ ਪਿਛਲੀ ਕਿਸੇ ਵੀ ਸ਼੍ਰੇਣੀ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਰਜਿਸਟ੍ਰੇਸ਼ਨ ਨੰਬਰ ਜਾਰੀ ਹੋਇਆ ਹੈ, ਤਾਂ ਆਨ-ਲਾਈਨ ਐਂਟਰੀ ਵੇਲੇ ਰਜਿਸਟ੍ਰੇਸ਼ਨ ਨੰਬਰ ਲਾਜ਼ਮੀ ਭਰਿਆ ਜਾਵੇ।

**ਫਾਈਨਲ ਸਬਮਿਸ਼ਨ ਕਰਨ ਸਬੰਧੀ ਹਦਾਇਤਾਂ :-**

ਬੋਰਡ ਵੱਲੋਂ ਜਾਰੀ ਹਦਾਇਤਾਂ ਮੁਤਾਬਕ ਆਨਲਾਈਨ ਸਾਰੇ ਵੇਰਵੇ ਭਰਨ ਅਤੇ ਇਹਨਾਂ ਦਾ Rough Print ਚੈੱਕ ਕਰਨ ਉਪਰੰਤ ਹੇਠ ਲਿਖੇ ਅਨੁਸਾਰ ਫਾਈਨਲ ਸਬਮਿਸ਼ਨ ਕੀਤੀ ਜਾਵੇ :-

1. ਕਿਸੇ ਵੀ ਫਾਰਮ ਵਿੱਚ ਐਂਟਰੀ ਕਰਨ ਉਪਰੰਤ ਵਿਦਿਆਰਥੀਆਂ ਦੀ ਫਾਈਨਲ ਸਬਮਿਸ਼ਨ MULTIPLE LOTS ਭਾਵ ਇੱਕ ਵਾਰ ਫਾਈਨਲ ਸਬਮਿਸ਼ਨ ਕਰਨ ਉਪਰੰਤ ਉਸ ਤੋਂ ਬਾਅਦ ਵੀ ਬਾਕੀ ਰਹਿੰਦੇ ਵਿਦਿਆਰਥੀਆਂ ਦੀ ਫਾਈਨਲ ਸਬਮਿਸ਼ਨ ਦੁਬਾਰਾ ਵੱਖ-ਵੱਖ LOTS ਰਾਹੀਂ ਸ਼ਡਿਊਲ ਵਿੱਚ ਨਿਰਧਾਰਿਤ ਆਖਰੀ ਮਿਤੀ ਤੱਕ ਕੀਤੀ ਜਾ ਸਕਦੀ ਹੈ ।

2. ਆਨਲਾਈਨ ਫਾਰਮ ਵਿੱਚ ਵਿਦਿਆਰਥੀਆਂ ਦੇ ਸਹੀ ਵੇਰਵੇ ਭਰਨ ਅਤੇ ਰਫ ਪ੍ਰਿੰਟ ਚੈੱਕ ਕਰਨ ਉਪਰੰਤ ਹੀ **Calculate Fee** ਤੇ ਕਲਿੱਕ ਕੀਤਾ ਜਾਵੇ। ਕਲਿੱਕ ਕਰਨ ਉਪਰੰਤ ਐਂਟਰ ਕੀਤੇ ਵਿਦਿਆਰਥੀਆਂ ਦੀ ਫਾਰਮ-ਵਾਈਜ਼ ਗਿਣਤੀ ਅਤੇ ਫੀਸ ਦਿਖੇਗੀ। ਜੇਕਰ ਕਿਸੇ ਵਿਦਿਆਰਥੀ ਦੇ ਵੇਰਵੇ ਅਧੂਰੇ ਭਰੇ ਹਨ ਤਾਂ ਫੀਸ ਵਾਲਾ ਪੰਨਾ ਨਹੀਂ ਦਿਖੇਗਾ, ਬਲਕਿ ਉਹਨਾਂ ਵਿਦਿਆਰਥੀਆਂ ਦੀ ਸੂਚੀ ਦਿਖੇਗੀ। ਉਹਨਾਂ ਵਿਦਿਆਰਥੀਆਂ ਦੇ ਵੇਰਵੇ ਪੂਰਨ ਕਰਨ ਉਪਰੰਤ ਮੁੜ Calculate Fee ਤੇ ਕਲਿੱਕ ਕੀਤਾ ਜਾਵੇ। ਸਕਰੀਨ ਉੱਪਰ ਦਿੱਖ ਰਹੀ ਗਿਣਤੀ / ਫੀਸ ਜੇਕਰ ਠੀਕ ਹੈ, ਤਾਂ Final Submit ਬਟਨ ਤੇ ਕਲਿੱਕ ਕੀਤਾ ਜਾਵੇ। ਸਿਰਫ ਇਸ ਬਟਨ ਤੇ ਕਲਿੱਕ ਕਰਨ ਨਾਲ ਫਾਈਨਲ ਸਬਮਿਸ਼ਨ complete ਨਹੀਂ ਹੋਵੇਗੀ, Online Payment Gateway select ਕਰਨ ਦੀ ਸੂਰਤ ਵਿੱਚ credit card/debit card payment ਆਦਿ options ਵਿੱਚੋਂ ਕੋਈ ਵੀ ਇੱਕ option select ਕਰਕੇ ਆਨ-ਲਾਈਨ payment ਕੀਤੀ ਜਾਵੇ ਜਾਂ ਆਫ-ਲਾਈਨ ਬੈਂਕ ਚਲਾਨ ਜਨਰੇਟ ਕਰਨ ਦੀ ਸੂਰਤ ਵਿੱਚ ਚਲਾਨ ਵਿੱਚ ਦਰਜ Valid date ਤੱਕ ਬੈਂਕ ਵਿੱਚ ਫੀਸ ਜਮ੍ਹਾਂ ਕਰਵਾਉਣਾ ਯਕੀਨੀ ਬਣਾਇਆ ਜਾਵੇ।

3. ਉਕਤ ਦਰਜ ਸਾਰੀਆਂ ਹਦਾਇਤਾਂ ਅਤੇ ਨਿਰਧਾਰਿਤ ਸ਼ਡਿਊਲ ਅਨੁਸਾਰ ਹੀ ਸਕੂਲ ਮੁਖੀ ਬਿਨ੍ਹਾਂ ਲੇਟ ਫੀਸ ਦਿੱਤੇ ਗਏ ਸਮੇਂ ਦੌਰਾਨ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਦਾ ਕੰਮ ਮੁਕੰਮਲ ਕਰਵਾਉਣ , ਬਿਨ੍ਹਾਂ ਲੇਟ ਫੀਸ ਸਮਾਂ ਲੰਘਣ ਉਪਰੰਤ ਜੇਕਰ ਕਿਸੇ ਸਕੂਲ ਮੁਖੀ ਵੱਲੋਂ ਜੁਰਮਾਨਾ ਮੁਆਫੀ ਲਈ ਪ੍ਰਤੀ-ਬੇਨਤੀ ਕੀਤੀ ਜਾਂਦੀ ਹੈ ਤਾਂ ਉਹ ਕਿਸੇ ਵੀ ਹਾਲਾਤ/ਕਾਰਨ ਦੇ ਜੁਰਮਾਨਾ ਮੁਆਫੀ ਲਈ ਸਵੀਕਾਰਨ ਯੋਗ ਨਹੀ ਹੋਵੇਗੀ।

4. ਫਾਈਨਲ ਸਬਮਿਸ਼ਨ ਕਰਨ ਉਪਰੰਤ ਸਾਰੇ ਵੇਰਵੇ ਲਾਕ ਹੋ ਜਾਣਗੇ, ਇਸ ਲਈ ਇਸ ਤੋਂ ਪਹਿਲਾਂ ਰਫ਼ ਪ੍ਰਿੰਟ ਕੱਢ ਕੇ ਸਾਰੇ ਵੇਰਵੇ ਚੰਗੀ ਤਰ੍ਹਾਂ ਚੈੱਕ ਕਰ ਲਏ ਜਾਣ ਅਤੇ ਇਸ ਤੋਂ ਇਲਾਵਾ student verification form ਨੂੰ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਤੋਂ ਜਰੂਰ ਚੈੱਕ ਕਰਵਾ ਲਿਆ ਜਾਵੇ। ਗਲਤੀ ਹੋਣ ਦੀ ਸੂਰਤ ਵਿੱਚ ਦਰੁੱਸਤੀ ਕਰਕੇ ਫਿਰ ਫਾਈਨਲ ਸਬਮਿਸ਼ਨ ਕੀਤੀ ਜਾਵੇ। ਫਾਈਨਲ ਸਬਮਿਸ਼ਨ ਤੇ ਕਲਿੱਕ ਕਰਨ ਤੋਂ ਬਾਅਦ ਕੋਈ ਸੋਧ ਨਹੀਂ ਕੀਤੀ ਜਾ ਸਕੇਗੀ। ਇਸ ਉਪਰੰਤ ਬੋਰਡ ਵੱਲੋਂ ਵੇਰਵਿਆਂ ਦੀਆਂ ਸੋਧਾਂ ਲਈ ਨਿਰਧਾਰਤ ਸ਼ਡਿਊਲ ਅਨੁਸਾਰ ਹੀ ਸੋਧਾਂ ਕੀਤੀਆਂ ਜਾਣਗੀਆਂ।

5. ਉਕਤ ਦਰਜ ਸਾਰੀਆਂ ਹਦਾਇਤਾਂ ਅਤੇ ਨਿਰਧਾਰਿਤ ਸ਼ਡਿਊਲ ਅਨੁਸਾਰ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਕਰਵਾਉਣਾ ਸਕੂਲ ਮੁਖੀ ਦੀ ਜ਼ਿੰਮੇਵਾਰੀ ਹੈ। ਆਨ-ਲਾਈਨ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਕਰਦੇ ਸਮੇਂ ਜੇਕਰ ਕਿਸੇ ਵਿਦਿਆਰਥੀ ਦੀ ਐਂਟਰੀ ਕਿਸੇ ਵੀ ਕਾਰਨ ਜਾਂ ਗਲਤੀ ਨਾਲ ਕਰਨ ਤੋਂ ਰਹਿ ਜਾਂਦੀ ਹੈ ਤਾਂ ਉਸਦੀ ਨਿਰੋਲ ਜਿੰਮੇਵਾਰੀ ਸਬੰਧਤ ਸਕੂਲ ਮੁਖੀ/ਕਰਮਚਾਰੀ ਦੀ ਹੀ ਹੋਵੇਗੀ। ਅਜਿਹੇ ਵਿਦਿਆਰਥੀਆਂ

ਨੂੰ ਸ਼ਡਿਊਲ ਤੋਂ ਬਾਅਦ ਆਨ-ਲਾਈਨ ਐਂਟਰੀ/ਰਜਿਸਟ੍ਰੇਸ਼ਨ ਕਰਨ ਦਾ ਕੋਈ ਹੋਰ ਮੌਕਾ ਨਹੀ ਦਿੱਤਾ ਜਾਵੇਗਾ।

6. **ਫਾਰਮ ਭਰਦੇ ਸਮੇਂ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਫਾਰਮ ਵਿੱਚ ਵਿਦਿਆਰਥੀਆਂ ਦੇ ਮਾਤਾ-ਪਿਤਾ ਦਾ ਹੀ ਮੋਬਾਇਲ ਨੰਬਰ ਭਰਿਆ ਜਾਵੇ। ਇੱਕ ਮੋਬਾਇਲ ਨੰਬਰ ਦੇ ਨਾਲ ਕੇਵਲ ਦੋ ਵਿਦਿਆਰਥੀ ਹੀ ਰਜਿਸਟਰਡ ਕੀਤੇ ਜਾ ਸਕਣਗੇ।**

**ਨੋਟ :-**

1. ਨੌਵੀਂ , ਦਸਵੀਂ, ਗਿਆਰ੍ਹਵੀਂ ਪਾਸ ਅਤੇ ਨੌਵੀਂ ਤੋਂ ਬਾਰਵੀਂ ਫੇਲ੍ਹ ਵਿਦਿਆਰਥੀਆਂ ਨੂੰ ਆਧਾਰ ਕਾਰਡ ਨੰਬਰ/ਰਜਿਸਟ੍ਰੇਸ਼ਨ ਨੰਬਰ/ਵਿਦਿਆਰਥੀ ਦਾ ਨਾਂ ਅਤੇ ਪਿਤਾ ਦੇ ਨਾਂ ਅਤੇ ਸਕੂਲ ਕੋਡ ਰਾਹੀਂ ਵੀ import ਕੀਤਾ ਜਾ ਸਕਦਾ ਹੈ।
2. ਦਸਵੀਂ ਸ਼੍ਰੇਣੀ (M1 and M2) ਅਤੇ ਬਾਰਵੀਂ ਸ਼੍ਰੇਣੀ (T1 and T2) ਦੇ ਸਕੂਲ ਵੱਲੋਂ ਆਨ-ਲਾਈਨ ਭਰੇ ਡਾਟਾ ਤੋਂ ਹੀ ਪ੍ਰੀ-ਪ੍ਰਿੰਟਡ ਪ੍ਰੀਖਿਆ ਫਾਰਮ ਭੇਜੇ ਜਾਣਗੇ। ਇਸ ਲਈ ਆਨ-ਲਾਈਨ ਐਂਟਰੀ ਧਿਆਨ ਨਾਲ ਕੀਤੀ ਜਾਵੇ।
3. ਜੇਕਰ ਕਿਸੇ ਸਕੂਲ ਨੇ ਦੂਜੇ ਰਾਜਾਂ/ਬੋਰਡਾਂ ਤੋਂ ਆਏ ਵਿਦਿਆਰਥੀਆਂ ਦੇ ਰਜਿਸਟ੍ਰੇਸ਼ਨ ਨੰਬਰ/ Error ਚੈੱਕ ਕਰਨੇ ਹਨ, ਤਾਂ ਉਹ Registration Portal ਦੇ ਅੰਦਰ , ਆਖਿਰ ਵਿੱਚ ਦਿੱਤੇ ਲਿੰਕ " Other Board Regno" ਤੇ ਕਲਿੱਕ ਕਰਕੇ ਰਜਿਸਟ੍ਰੇਸ਼ਨ ਨੰਬਰ/ Error/ Error List ਚੈੱਕ ਕਰ ਸਕਦੇ ਹਨ। Error list ਵਿੱਚ ਦਰਸਾਏ ਵਿਦਿਆਰਥੀਆਂ ਦੇ ਦਸਤਾਵੇਜ਼ ਜਮ੍ਹਾਂ ਕਰਵਾਉਣ ਉਪਰੰਤ ਹੀ error ਹਟਾ ਕੇ ਰਜਿਸਟ੍ਰੇਸ਼ਨ ਨੰਬਰ ਜਾਰੀ ਕੀਤੇ ਜਾਣਗੇ।
4. ਜੇਕਰ ਸਬੰਧਤ ਫਾਰਮ ਵਿੱਚ ਆਨ-ਲਾਈਨ ਐਂਟਰੀ ਕਰਦੇ ਸਮੇਂ ਕਿਸੇ ਵਿਦਿਆਰਥੀ ਦੇ ਵੇਰਵੇ Already Exist ਆ ਰਹੇ ਹਨ ਤਾਂ ਪਹਿਲੇ ਲਿੰਕ "Check RegNo " ਅਧੀਨ ਜਾ ਕੇ ਰਜਿ: ਨੰ:, ਆਧਾਰ ਨੰ: ਆਦਿ ਪਾ ਕੇ ਚੈੱਕ ਕੀਤਾ ਜਾ ਸਕਦਾ ਹੈ ਕਿ ਮੌਜੂਦਾ ਸੈਸ਼ਨ ਵਿੱਚ ਵਿਦਿਆਰਥੀ ਦੇ ਵੇਰਵੇ ਕਿਸ ਸਕੂਲ ਵਿੱਚ ਰਜਿਸਟਰਡ ਹਨ।
5. ਦੂਜੇ ਰਾਜਾਂ/ਬੋਰਡਾਂ ਤੋਂ ਆਉਣ ਵਾਲੇ ਵਿਦਿਆਰਥੀ ਜਿਨ੍ਹਾਂ ਦੀ ਐਂਟਰੀ ਆਨਲਾਈਨ ਕੀਤੀ ਗਈ ਹੈ, ਪ੍ਰੰਤੂ ਫਾਈਨਲ ਪ੍ਰੀਖਿਆ ਦੇਣ ਤੋਂ ਪਹਿਲਾਂ ਸਕੂਲ ਛੱਡ ਜਾਂਦੇ ਹਨ ਜਾਂ ਲੰਬੀ ਗੈਰ-ਹਾਜ਼ਰੀ ਕਾਰਨ ਨਾਂ ਕੱਟਿਆ ਜਾਂਦਾ ਹੈ, ਉਹਨਾਂ ਬਾਰੇ ਲਿਖਤੀ ਤੌਰ ਤੇ ਸੂਚਿਤ ਕੀਤਾ ਜਾਵੇ।
6. ਓਪਨ ਸਕੂਲ ਪ੍ਰਣਾਲੀ ਅਧੀਨ ਦਸਵੀਂ/ਬਾਰਵੀਂ ਫੇਲ੍ਹ ਵਿਦਿਆਰਥੀ ਰੈਗੂਲਰ ਦਸਵੀਂ/ਬਾਰਵੀਂ ਵਿੱਚ ਦਾਖਲ ਨਹੀਂ ਹੋ ਸਕਦੇ। ਉਹਨਾਂ ਨੂੰ ਨੌਵੀਂ/ ਗਿਆਰ੍ਹਵੀਂ ਸ਼੍ਰੇਣੀ ਵਿੱਚ ਦਾਖਲ ਹੋਣਾ ਪਵੇਗਾ।

**ਸਕੂਲ ਤੋਂ ਸਕੂਲ ਮਾਈਗ੍ਰੇਸ਼ਨ :-**

1. ਸਕੂਲਾਂ ਵੱਲੋਂ ਵਿਦਿਆਰਥੀਆਂ ਦੀ ਆਨ-ਲਾਈਨ ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਦੀ ਫਾਈਨਲ ਸਬਮਿਸ਼ਨ ਕਰਨ ਉਪਰੰਤ ਜੇਕਰ ਕਿਸੇ ਵਿਦਿਆਰਥੀ ਨੇ ਆਪਣਾ ਸਕੂਲ ਛੱਡਕੇ ਦੂਸਰੇ ਸਕੂਲ ਵਿੱਚ ਦਾਖਲਾ ਲੈਣਾ ਹੈ ਤਾਂ ਉਸਨੂੰ ਸਕੂਲ ਤੋਂ ਸਕੂਲ ਮਾਈਗ੍ਰੇਸ਼ਨ ਕਰਵਾਉਣੀ ਲਾਜ਼ਮੀ ਹੈ। ਭਾਵ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਇੱਕ ਸਕੂਲ ਤੋਂ ਦੂਸਰੇ ਸਕੂਲ ਵਿੱਚ ਦਾਖਲ ਹੋਣਾ ਹੈ, ਤਾਂ ਉਹ ਨਵੇਂ ਸਕੂਲ ਨੂੰ ਬੇਨਤੀ-ਪੱਤਰ ਦੇਵੇਗਾ।

2. ਨਵਾਂ ਸਕੂਲ ਜੇਕਰ ਵਿਦਿਆਰਥੀ ਦੀ ਬੇਨਤੀ ਸਵੀਕਾਰ ਕਰ ਲਵੇਗਾ ਤਾਂ ਨਵਾਂ ਸਕੂਲ ਆਨ-ਲਾਈਨ request generate ਕਰਕੇ ਪੁਰਾਣੇ ਸਕੂਲ ਤੋਂ ਇਸ ਸਬੰਧੀ ਸਹਿਮਤੀ ਲਵੇਗਾ।

3. ਪੁਰਾਣੇ ਸਕੂਲ ਵੱਲੋਂ request accept ਕਰਨ ਉਪਰੰਤ ਨਵਾਂ ਸਕੂਲ ਸ਼ਡਿਊਲ ਵਿੱਚ ਨਿਰਧਾਰਤ ਮਿਤੀ ਅਨੁਸਾਰ ਆਨ-ਲਾਈਨ ਫੀਸ ਜਮ੍ਹਾਂ ਕਰਵਾ ਕੇ ਵਿਦਿਆਰਥੀ ਨੂੰ ਨਵੇਂ ਸਕੂਲ ਵਿੱਚ ਮਾਈਗ੍ਰੇਟ ਕਰ ਸਕੇਗਾ। ਨਿਰਧਾਰਿਤ ਸ਼ਡਿਊਲ ਦੀ ਅੰਤਿਮ ਮਿਤੀ ਨਿਕਲਣ ਉਪਰੰਤ ਪੁਰਾਣੇ ਸਕੂਲ ਵੱਲੋਂ accept ਕੀਤੀ ਗਈ request ਦੇ ਬਾਵਜੂਦ ਵੀ ਫੀਸ ਜਮ੍ਹਾਂ ਨਹੀ ਹੋ ਸਕੇਗੀ। ਇਸ ਲਈ ਨਿਰਧਾਰਿਤ ਸ਼ਡਿਊਲ ਦੌਰਾਨ ਹੀ ਸਕੂਲ ਤੋਂ ਸਕੂਲ ਮਾਈਗ੍ਰੇਸ਼ਨ ਕਰਨੀ ਯਕੀਨੀ ਬਣਾਈ ਜਾਵੇ।

4. ਸਕੂਲ ਤੋਂ ਸਕੂਲ ਮਾਈਗ੍ਰੇਸ਼ਨ ਕਰਨ ਉਪਰੰਤ ਵਿਦਿਆਰਥੀ ਦੀ ਐਂਟਰੀ ਸ਼੍ਰੇਣੀ ਨਾਲ ਸਬੰਧਤ ਫਾਰਮ ਵਿੱਚ ਚੈੱਕ ਕਰਨੀ ਯਕੀਨੀ ਬਣਾਈ ਜਾਵੇ ਅਤੇ ਸਕੂਲ ਤੋਂ ਸਕੂਲ ਮਾਈਗ੍ਰੇਸ਼ਨ ਦਾ ਪ੍ਰਿੰਟ ਕੱਢਣਾ ਵੀ ਯਕੀਨੀ ਬਣਾਇਆ ਜਾਵੇ। ਜੇਕਰ ਵਿਦਿਆਰਥੀ ਦੀ ਫੀਸ ਕੱਟਣ ਤੋਂ ਬਾਅਦ ਸਬੰਧਤ ਫਾਰਮ ਵਿੱਚ ਐਂਟਰੀ ਸ਼ੋਅ ਨਹੀ ਹੁੰਦੀ ਹੈ ਤਾਂ ਤੁਰੰਤ ਮੁੱਖ ਦਫਤਰ, ਰਜਿਸਟ੍ਰੇਸ਼ਨ ਸ਼ਾਖਾ ਨਾਲ ਸੰਪਰਕ ਕੀਤਾ ਜਾਵੇ।

5. ਜੇਕਰ ਕੋਈ ਸਕੂਲ ਮੁਖੀ, ਸਕੂਲ ਤੋਂ ਸਕੂਲ ਮਾਈਗ੍ਰੇਸ਼ਨ ਕਰਵਾਏ ਬਿਨ੍ਹਾਂ ਕਿਸੇ ਵਿਦਿਆਰਥੀ ਨੂੰ ਆਪਣੇ ਪੱਧਰ ਤੇ ਦਾਖਲਾ ਦਿੰਦਾ ਹੈ ਤਾਂ ਉਸ ਵਿਦਿਆਰਥੀ ਦੀ ਆਨ-ਲਾਈਨ ਐਂਟਰੀ ਪਿਛਲੇ ਸਕੂਲ ਵਿੱਚ ਹੀ ਸ਼ੋਅ ਹੋਵੇਗੀ। ਜਿਸ ਕਰਕੇ ਦਸਵੀਂ/ਬਾਰਵੀਂ ਸ਼੍ਰੇਣੀ ਵਿੱਚ ਨਵੇਂ ਸਕੂਲ ਵੱਲੋਂ ਵਿਦਿਆਰਥੀਆਂ ਦੇ ਪ੍ਰੀਖਿਆ ਫਾਰਮ ਜਨਰੇਟ ਨਹੀਂ ਕੀਤੇ ਜਾ ਸਕਣਗੇ ਅਤੇ ਨਾ ਹੀ ਨੌਵੀਂ/ਗਿਆਰ੍ਹਵੀਂ ਸ਼੍ਰੇਣੀ ਵਿੱਚ ਵਿਦਿਆਰਥੀਆਂ ਦਾ ਆਨ-ਲਾਈਨ ਰਿਜ਼ਲਟ ਅਪਲੋਡ ਹੋ ਸਕੇਗਾ। ਇਸ ਲਈ ਸਕੂਲ ਮੁਖੀ ਬੋਰਡ ਵੱਲੋਂ ਜਾਰੀ ਦਾਖਲਾ ਸ਼ਡਿਊਲ ਦੀ ਅੰਤਿਮ ਮਿਤੀ ਨਿਕਲਣ ਉਪਰੰਤ ਕਿਸੇ ਵੀ ਵਿਦਿਆਰਥੀ ਨੂੰ ਸਕੂਲ ਤੋਂ ਸਕੂਲ ਮਾਈਗ੍ਰੇਸ਼ਨ ਕਰਵਾਏ ਬਿਨਾਂ ਸਕੂਲ ਵਿੱਚ ਦਾਖਲਾ ਨਾ ਦੇਣ। ਜੇਕਰ ਕੋਈ ਸਕੂਲ ਮੁਖੀ ਸਕੂਲ ਤੋਂ ਸਕੂਲ ਮਾਈਗ੍ਰੇਸ਼ਨ ਕਰਵਾਏ ਬਿਨ੍ਹਾਂ ਵਿਦਿਆਰਥੀ ਨੂੰ ਸਕੂਲ ਵਿੱਚ ਦਾਖਲ ਕਰਦਾ ਹੈ ਤਾਂ ਅਣਗਹਿਲੀ ਦੀ ਜ਼ਿੰਮੇਵਾਰੀ ਸਕੂਲ ਮੁਖੀ ਦੀ ਹੀ ਹੋਵੇਗੀ ਅਤੇ ਇਸ ਸਬੰਧੀ ਬੋਰਡ ਵੱਲੋਂ ਨਿਯਮਾਂ ਅਨੁਸਾਰ ਸਕੂਲ ਮੁਖੀ ਵਿਰੁੱਧ ਕਾਰਵਾਈ ਕੀਤੀ ਜਾਵੇਗੀ ।

## ਇੰਟਰਬੋਰਡ ਮਾਈਗ੍ਰੇਸ਼ਨ :-

1. ਬੋਰਡ ਵੱਲੋਂ ਜਾਰੀ ਦਾਖਲਾ ਸ਼ਡਿਊਲ ਦੀ ਅੰਤਿਮ ਮਿਤੀ ਨਿਕਲਣ ਉਪਰੰਤ ਦੂਜੇ ਰਾਜ/ਬੋਰਡ ਤੋਂ ਪੜ੍ਹਦੇ ਆ ਰਹੇ ਵਿਦਿਆਰਥੀ ਜੇਕਰ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਕੂਲ ਵਿੱਚ ਦਾਖਲਾ ਲੈਣਾ ਚਾਹੁੰਦੇ ਹਨ ਤਾਂ ਦੂਜੇ ਰਾਜ/ਬੋਰਡ ਦੇ ਸਕੂਲ ਤੋਂ ਟੀ.ਸੀ. ਕਟਵਾਉਣ ਦੇ 15 ਦਿਨ ਦੇ ਵਿੱਚ-ਵਿੱਚ ਜਿਸ ਸਕੂਲ ਵਿੱਚ ਦਾਖਲਾ ਲੈਣਾ ਹੈ, ਨੂੰ ਇੰਟਰ-ਬੋਰਡ ਮਾਈਗ੍ਰੇਸ਼ਨ ਕਰਵਾਉਣ ਸਬੰਧੀ ਬੇਨਤੀ-ਪੱਤਰ ਦੇਵੇਗਾ। ਜੇਕਰ ਸਕੂਲ ਬੇਨਤੀ ਸਵੀਕਾਰ ਕਰਦਾ ਹੈ ਤਾਂ ਵਿਦਿਆਰਥੀ ਕੋਲੋਂ ਦਸਤਾਵੇਜ਼ ਜਿਵੇਂ ਕਿ ਹੇਠਲੀ ਸ਼੍ਰੇਣੀ ਪਾਸ ਦਾ ਨਤੀਜਾ ਕਾਰਡ ਦੀ ਕਾਪੀ, ਅਸਲ ਟਰਾਂਸਫਰ ਸਰਟੀਫਿਕੇਟ/ਮਾਈਗ੍ਰੇਸ਼ਨ ਅਤੇ ਮੌਜੂਦਾ ਸ਼੍ਰੇਣੀ ਵਿੱਚ ਪੜ੍ਹਦੇ ਦਾ ਛਿਮਾਹੀ ਨਤੀਜਾ ਕਾਰਡ ਆਦਿ ਲੈ ਕੇ ਇੰਟਰ-ਬੋਰਡ ਮਾਈਗ੍ਰੇਸ਼ਨ ਕਰਨ ਲਈ ਸਕੂਲ ਦਾ ਲੈਟਰ ਹੈਡ ਅਤੇ ਵਿਦਿਆਰਥੀ ਦੇ ਦਸਤਾਵੇਜ਼ ਸਕੈਨ ਕਰਕੇ ਚੇਅਰਮੈਨ ਜੀ ਤੋਂ ਆਗਿਆ ਲੈਣ ਲਈ ਆਨ-ਲਾਈਨ Request ਰਜਿਸਟ੍ਰੇਸ਼ਨ ਸ਼ਾਖਾ ਨੂੰ ਭੇਜਣੀ ਹੋਵੇਗੀ। ਪਰ ਇਹ

Process ਸ਼ਡਿਊਲ ਅਨੁਸਾਰ ਨਿਰਧਾਰਿਤ ਮਿਤੀ ਤੱਕ ਪੂਰਾ ਕਰਨਾ ਲਾਜ਼ਮੀ ਹੈ। ਅੰਤਿਮ ਮਿਤੀ ਤੋਂ ਬਾਅਦ ਕੋਈ ਵੀ ਕੇਸ ਵਿਚਾਰਿਆ ਨਹੀ ਜਾਵੇਗਾ।

2. ਰਜਿਸਟ੍ਰੇਸ਼ਨ ਸ਼ਾਖਾ ਦੇ ਇੰਟਰ ਬੋਰਡ ਮਾਈਗ੍ਰੇਸ਼ਨ ਦੇ ਪੋਰਟਲ ਤੇ ਆਨ-ਲਾਈਨ Request ਪਹੁੰਚਣ ਉਪਰੰਤ ਚੇਅਰਮੈਨ ਜੀ ਵੱਲੋਂ ਆਦੇਸ਼ ਲੈ ਕੇ request ਨੂੰ accept ਜਾਂ reject ਕੀਤਾ ਜਾਵੇਗਾ। ਜੇਕਰ ਆਨ-ਲਾਈਨ request ਨੂੰ accept ਕਰਨ ਦੇ ਆਦੇਸ਼ ਹੁੰਦੇ ਹਨ ਤਾਂ ਸਕੂਲ ਵੱਲੋਂ ਸਬੰਧਤ ਫਾਰਮ ਵਿੱਚ ਐਂਟਰੀ ਕਰਕੇ ਆਨ-ਲਾਈਨ request ਨਾਲ ਅਪਲੋਡ ਕੀਤੇ ਦਸਤਾਵੇਜ਼ਾਂ ਦੇ ਅਸਲ ਡਾਕੂਮੈਂਟ ਮੁੱਖ ਦਫਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਰਜਿਸਟ੍ਰੇਸ਼ਨ ਸ਼ਾਖਾ, ਮੋਹਾਲੀ ਵਿਖੇ ਜਮ੍ਹਾਂ ਕਰਵਾਕੇ, ਚਾਲਾਨ ਜਨਰੇਟ ਕਰਵਾਉਣ ਉਪਰੰਤ ਸ਼ਡਿਊਲ ਵਿੱਚ ਨਿਰਧਾਰਿਤ ਮਿਤੀ ਅਤੇ ਫੀਸ ਅਨੁਸਾਰ ਇੰਟਰ ਬੋਰਡ ਮਾਈਗ੍ਰੇਸ਼ਨ ਕਰਵਾਈ ਜਾ ਸਕਦੀ ਹੈ।

3. **ਪੰਜਾਬ ਰਾਜ ਤੋਂ ਬਾਹਰ ਦੂਜੇ ਰਾਜਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਦੇ ਟਰਾਂਸਫਰ ਸਰਟੀਫਿਕੇਟ/ਸਕੂਲ ਲੀਵਿੰਗ ਸਰਟੀਫਿਕੇਟ ਸਬੰਧਤ ਰਾਜ/ਜਿਲ੍ਹੇ ਦੇ ਜ਼ਿਲਾ ਸਿੱਖਿਆ ਅਫਸਰ ਪਾਸੋਂ ਕਾਊਂਟਰ ਸਾਈਨ ਕਰਵਾਉਣੇ ਲਾਜ਼ਮੀ ਹਨ।**

12.05.25

**ਉੱਪ-ਸਕੱਤਰ**

**ਰਜਿਸਟਰੇਸ਼ਨ ਸ਼ਾਖਾ**

## ਸਕੂਲ ਦੇ ਲੈਟਰ- ਹੈੱਡ ਤੇ
## ਵੈਰੀਫਿਕੇਸ਼ਨ-ਫਾਰਮ

1. ਕਿ ਮੈਂ (ਨਾਮ) ........................................... ਸਕੂਲ ਦਾ ਮੁੱਖੀ/ ਪ੍ਰਿੰਸੀਪਲ/ ਮੁੱਖ ਅਧਿਆਪਕ ਹਾਂ।
2. ਕਿ ਇਹ ਵਿਦਿਆਰਥੀ ਸੈਸ਼ਨ 2025-26 ਲਈ ਸਕੂਲ ਵਿੱਚ ਸਮੇਂ-ਸਿਰ ਦਾਖਲ ਕੀਤੇ ਗਏ ਹਨ।
3. ਕਿ ਇਹਨਾਂ ਵਿਦਿਆਰਥੀਆਂ ਦੇ ਹੇਠਲੀ ਸ਼੍ਰੇਣੀ ਪਾਸ/ਫੇਲ ਦੇ ਦਸਤਾਵੇਜ਼ ਪਿਛਲੇ ਸਕੂਲ ਤੋਂ ਸੰਪੂਰਨ ਤੌਰ ਤੇ ਵੈਰੀਫਾਈ ਕਰਨ ਉਪਰੰਤ ਰਜਿਸਟਰਡ ਕੀਤੇ ਗਏ ਹਨ ਅਤੇ ਇਹ ਦਸਤਾਵੇਜ਼ ਬਿਲਕੁੱਲ ਦਰੁੱਸਤ ਹਨ।
4. ਕਿ ਇਹਨਾਂ ਵਿਦਿਆਰਥੀਆਂ ਦੀ ਹੇਠਲੀ ਸ਼੍ਰੇਣੀ ਪਾਸ ਨਾਲ ਸਬੰਧਤ ਸਕੂਲ ਇਸ ਸਮੇਂ ਵੀ ਚੱਲ ਰਿਹਾ ਹੈ, ਇਹ ਸਕੂਲ ਅਤੇ ਉਹਨਾਂ ਵੱਲੋਂ ਜਾਰੀ ਦਸਤਾਵੇਜ਼ ਬਿਲਕੁੱਲ ਦਰੁੱਸਤ ਪਾਏ ਗਏ ਹਨ।
5. ਕਿ ਇਹਨਾਂ ਵਿਦਿਆਰਥੀਆਂ ਤੋਂ ਪ੍ਰਾਪਤ ਦਸਤਾਵੇਜ਼ਾਂ (ਨਤੀਜਾ ਕਾਰਡ ਅਤੇ ਸਕੂਲ ਛੱਡਣ ਦਾ ਸਰਟੀਫਿਕੇਟ) ਦੀ ਪੜਤਾਲ/ਵੈਰੀਫਿਕੇਸ਼ਨ ਕਰ ਲਈ ਗਈ ਹੈ। ਜੇਕਰ ਇਹਨਾਂ ਦਸਤਾਵੇਜ਼ਾਂ ਸਬੰਧੀ ਕੋਈ ਗਲਤੀ/ਤਰੁੱਟੀ ਹੋਵੇਗੀ ਤਾਂ ਉਸਦੀ ਜ਼ਿੰਮੇਵਾਰੀ ਮੇਰੀ ਖੁਦ ਦੀ ਹੋਵੇਗੀ ।
6. ਜੇਕਰ ਫਿਰ ਵੀ ਕਿਸੇ ਵਿਦਿਆਰਥੀ ਦੇ ਹੇਠਲੀ ਸ਼੍ਰੇਣੀ ਪਾਸ ਦੇ ਦਸਤਾਵੇਜ਼ ਸਹੀ ਨਹੀ ਪਾਏ ਜਾਂਦੇ ਜਾਂ ਬੋਰਡ ਵੱਲੋਂ ਆਪਣੇ ਪੱਧਰ ਤੇ ਕਰਵਾਈ ਗਈ ਵੈਰੀਫਿਕੇਸ਼ਨ ਫੇਲ ਹੋ ਜਾਂਦੀ ਹੈ ਤਾਂ ਉਸ ਵਿਦਿਆਰਥੀ ਦੀ ਰਜਿਸਟ੍ਰੇਸ਼ਨ ਬੋਰਡ ਵੱਲੋਂ ਰੱਦ ਕਰਨ ਤੇ ਮੈਨੂੰ ਕੋਈ ਇਤਰਾਜ਼ ਨਹੀ ਹੋਵੇਗਾ।
7. ਇਹਨਾਂ ਵਿਦਿਆਰਥੀਆਂ ਸਬੰਧੀ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਸ਼੍ਰੇਣੀ | ਵਿਦਿਆਰਥੀ/ ਪਿਤਾ ਦਾ ਨਾਂ | ਹੇਠਲੀ ਸ਼੍ਰੇਣੀ ਪਾਸ/ ਫੇਲ ਸਕੂਲ ਦਾ ਨਾਂ, ਈ-ਮੇਲ ਆਈ.ਡੀ. ਅਤੇ ਸੰਪਰਕ ਨੰਬਰ | ਵੈਰੀਫਿਕੇਸ਼ਨ ਰਿਪੋਰਟ |
|---|---|---|---|---|
| | | | | |
| | | | | |
| | | | | |
| | | | | |
| | | | | |

**ਸਕੂਲ-ਮੁਖੀ ਦਾ ਨਾਂ / ਹਸਤਾਖਰ**

**ਸਮੇਤ (ਮੋਹਰ)**

## ਸਕੂਲ ਦੇ ਲੈਟਰ- ਹੈੱਡ ਤੇ

## ਸਵੈ-ਘੋਸ਼ਣਾ ਪੱਤਰ

1. ਕਿ ਮੈਂ (ਨਾਮ) ........................................... ਸਕੂਲ ਦਾ ਮੁੱਖੀ/ ਪ੍ਰਿੰਸੀਪਲ/ ਮੁੱਖ ਅਧਿਆਪਕ ਹਾਂ।
2. ਕਿ ਇਹ ਵਿਦਿਆਰਥੀ (ਪਿਛਲੇ ਤਿੰਨ ਸਾਲਾਂ ਤੋਂ ਪਹਿਲਾਂ ਹੇਠਲੀ ਸ਼੍ਰੇਣੀ ਪਾਸ/ਫੇਲ) ਸੈਸ਼ਨ 2024-25 ਲਈ ਸਕੂਲ ਵਿੱਚ ਸਮੇਂ-ਸਿਰ ਦਾਖਲ/ ਰਜਿਸਟਰਡ ਕੀਤੇ ਗਏ ਹਨ।
3. ਕਿ ਹੇਠ ਲਿਖੇ ਵਿਦਿਆਰਥੀ ਸਬੰਧਤ ਸ਼੍ਰੇਣੀ ਵਿੱਚ ਰੋਜ਼ਾਨਾ ਸਕੂਲ ਆਉਂਦੇ ਹਨ ਅਤੇ ਇਨ੍ਹਾਂ ਦੀਆਂ 75% ਹਾਜ਼ਰੀਆਂ ਪੂਰੀਆਂ ਹਨ।
4. ਕਿ ਇਹਨਾਂ ਵਿਦਿਆਰਥੀਆਂ ਦੇ ਹੇਠਲੀ ਸ਼੍ਰੇਣੀ ਪਾਸ/ਫੇਲ ਦੇ ਦਸਤਾਵੇਜ਼ ਘੋਖਣ ਉਪਰੰਤ ਦਾਖਲ ਕੀਤੇ ਗਏ ਹਨ ਅਤੇ ਇਹ ਦਸਤਾਵੇਜ਼ ਬਿਲਕੁੱਲ ਦਰੁੱਸਤ ਹਨ।
5. ਕਿ ਇਹਨਾਂ ਵਿਦਿਆਰਥੀਆਂ ਦੀ ਹੇਠਲੀ ਸ਼੍ਰੇਣੀ ਪਾਸ ਸਕੂਲ ਇਸ ਸਮੇਂ ਵੀ ਚੱਲ ਰਿਹਾ ਹੈ, ਇਹ ਸਕੂਲ ਅਤੇ ਉਹਨਾਂ ਵੱਲੋਂ ਜਾਰੀ ਦਸਤਾਵੇਜ਼ ਬਿਲਕੁੱਲ ਦਰੁੱਸਤ ਪਾਏ ਗਏ ਹਨ।
6. ਕਿ ਇਹਨਾਂ ਵਿਦਿਆਰਥੀਆਂ ਨੇ ਇਸ ਸ਼੍ਰੇਣੀ ਤੋਂ ਇਲਾਵਾ ਕੋਈ ਹੋਰ ਉੱਚ- ਵਿੱਦਿਆ ਪ੍ਰਾਪਤ ਨਹੀਂ ਕੀਤੀ ਹੈ।
7. ਕਿ ਇਹਨਾਂ ਵਿਦਿਆਰਥੀਆਂ ਤੋਂ ਪ੍ਰਾਪਤ ਦਸਤਾਵੇਜ਼ਾਂ (ਨਤੀਜਾ ਕਾਰਡ ਅਤੇ ਸਕੂਲ ਛੱਡਣ ਦਾ ਸਰਟੀਫਿਕੇਟ) ਦੀ ਪੜਤਾਲ/ਵੈਰੀਫਿਕੇਸ਼ਨ ਕਰ ਲਈ ਗਈ ਹੈ। ਜੇਕਰ ਇਹਨਾਂ ਦਸਤਾਵੇਜ਼ਾਂ ਸਬੰਧੀ ਕੋਈ ਗਲਤੀ/ਤਰੁੱਟੀ ਹੋਵੇਗੀ ਤਾਂ ਉਸਦਾ ਜ਼ਿੰਮੇਵਾਰ ਖੁਦ ਮੈਂ ਹੋਵਾਂਗਾ।
8. ਇਹਨਾਂ ਵਿਦਿਆਰਥੀਆਂ ਸਬੰਧੀ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਸ਼੍ਰੇਣੀ | ਵਿਦਿਆਰਥੀ/ ਪਿਤਾ ਦਾ ਨਾਂ | ਹੇਠਲੀ ਸ਼੍ਰੇਣੀ ਪਾਸ/ ਫੇਲ ਸਕੂਲ ਦਾ ਨਾਂ |
|---|---|---|---|
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |

**ਸਕੂਲ-ਮੁਖੀ ਦਾ ਨਾਂ / ਹਸਤਾਖਰ**

**ਸਮੇਤ (ਮੋਹਰ)**